# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਭਾਈ ਸਾਹਿਬ

## ਭਾਈ ਰਣਧੀਰ ਸਿੰਘ ਜੀ

★

ਆਪ ਦੀ ਸੌ ਸਾਲਾ ਸ਼ਤਾਬਦੀ
੧੯੭੮ ਵਿਚ ਮਨਾਏ ਜਾਣ ਦਾ
ਪ੍ਰੋਗਰਾਮ ਉਲੀਕਣ ਲਈ
੧੦ ਜੁਲਾਈ ੧੯੭੭ ਨੂੰ
ਲੁਧਿਆਣਾ
ਖੇਤੀ ਬਾੜੀ ਯੂਨੀਵਰਸਿਟੀ
ਵਿਖੇ
ਕਨਵੈਨਸ਼ਨ ਕੀਤੀ ਗਈ।

★

ਅਗਸਤ ੧੯੭੭



www.AKJ.org

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ੩/੭੦–੬੮-੨੧ (ਮਿਤੀ ੧੭-੧੦--੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ ।

# ਤਤਕਰਾ


| | | |
|---|---|---|
| ਸੰਤ ਰਹਤ ਸੁਨਹੁ ਮੇਰੇ ਭਾਈ | ਆਸਾ ਮਹਲਾ ੫ | ੧ |
| ਤੂੰ ਵਲਵੰਚ ਲੂਕਿ ਕਰਹਿ | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਕੇਸਾਂ ਦਾ ਰਖਣਾ ਕਿਉਂ ਜ਼ਰੂਰੀ ਹੈ ? | ,, ,, ,, | ੭ |
| ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਹੁਕਮਨਾਮਾ | ਜੱਥੇਦਾਰ ਤਖ਼ਤ ਸਾਹਿਬ | ੧੨ |
| ਜਾਪੁ ਸਾਹਿਬ—ਕਾਵਿ ਅਨੁਵਾਦ | ਜੇ. ਪੀ. ਸੰਗਤ ਸਿੰਘ ਜੀ | ੧੩ |
| ਸਭਨੀ ਛਾਲਾਂ ਮਾਰੀਆਂ | ਸਾਰੰਗ ਜੀ, ਕਪੂਰਥਲਾ | ੧੮ |
| ਦਾੜ੍ਹੀ ਦੇ ਰੋਮ ਗ਼ਮਗੀਨੀ ਤੇ ਪ੍ਰੇਸ਼ਾਨੀ ਤੋਂ ਬਚਾਂਦੇ ਹਨ | ਸ: ਸਰੂਪ ਸਿੰਘ ਜੀ ਅਲਗ | ੨੧ |
| ਪਾਵਨ ਬੀੜਾਂ : ਪਦ-ਛੇਦ ਕਿਉਂ | 'ਸੂਰਾ' ਪਰਵਾਰ | ੨੨ |
| ਗੁਰਬਾਣੀ ਦਾ ਕਾਵਿਕ ਅਨੁਵਾਦ | ਪ੍ਰਿੰ: ਹਰਿਭਜਨ ਸਿੰਘ ਜੀ | ੨੮ |
| ਅਮਰ ਅਜਾਚੀ ਅਰਦਾਸ | ਭਾਈ ਸਾਹਿਬ ਰਣਧੀਰ ਸਿੰਘ ਜੀ | ੩੦ |
| ਖ਼ਾਲਸਾ ਜੀ ਦਾ ਰਾਜਸੀ ਉਚ ਆਦਰਸ਼ | ,, ,, ,, | ੩੨ |
| ਜਨਮ-ਸ਼ਤਾਬਦੀ ਮਨਉਣ ਲਈ ਕਨਵੈਨਸ਼ਨ | 'ਸੂਰਾ' ਪਰਵਾਰ | ੪੧ |
| ਸਰਬੱਤ ਦਾ ਭਲਾ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿੱਤਰ | ੪੨ |
| ਗੁਰਸਿਖੀ ਹੈ ਧਾਰ ਖੰਡੇ ਦੀ (ਕਵਿਤਾ) | ਭਾਈ ਦੇਵਾ ਸਿੰਘ ਜੀ ਕਿਰਤੀ | ੪੨ |
| ਹਿੰਸਾ | ਗਿਆਨੀ ਭਗਤ ਸਿੰਘ ਜੀ | ੪੨ |



## ਅਣਡਿੱਠੀ ਦੁਨੀਆ

ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕ "ਅਣਡਿੱਠੀ ਦੁਨੀਆ" ਨਵੀਂ ਐਡੀਸ਼ਨ ਸੁੰਦਰ ਰੂਪ ਵਿਚ ਛਪ ਗਈ ਹੈ । ਵਡੇ ਅਕਾਰ ਦੇ ੩੪੦ ਸਫ਼ੇ ਹਨ । ਕਗਜ਼, ਛਪਾਈ ਸੁੰਦਰ ਹੈ, ਭੇਟਾ ਲਾਗਤ ਮਾਤਰ ।

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੩-੦੦ | ਰੰਗਲੇ ਸਜਣ | ੪-੦੦ |
| ਗੁਰਮਤਿ ਸਚ ਨਿਰਣੈ | ੬-੦੦ | ਗੁਰਮਤਿ ਬਿਬੇਕ | ੭-੫੦ |
| ਝਟਕਾ ਮਾਸ ਪ੍ਰਥਾਇ ਤਤ ਨਿਰਣੈ | ੩-੦੦ | ਗੁਰਮਤਿ ਗੌਰਵਤਾ | ੭-੦੦ |
| ਗੁਰਮਤਿ ਰਮਜ਼ਾਂ | ੧-੩੦ | ਦਰਸ਼ਨ ਝਲਕਾਂ | ੨-੫੦ |
| ਸਿੰਘਾਂ ਦਾ ਪੰਥ ਨਿਰਾਲਾ | ੦-੫੦ | ਅੰਮ੍ਰਿਤ ਕੀ ਹੈ | ੨-੦੦ |
| ਚਰਨ ਕਮਲ ਕੀ ਮਉਜ | ੦-੭੫ | ਅੰਮ੍ਰਿਤ ਕਲਾ | ੦-੪੦ |
| ਗੁਰਮਤਿ ਨਾਮ ਅਭਿਆਸ ਕਮਾਈ ੪-੫੦, | ੬-੫੦ | ਸੱਚੀਆਂ ਦਾੜ੍ਹੀਆਂ | ੦-੨੦ |
| ਗੁਰਬਾਣੀ ਦੀ ਪਾਰਸ ਕਲਾ | ੦-੪੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |
| ਕੇਸਾਂ ਦਾ ਰਖਣਾ ਕਿਉਂ ਜ਼ਰੂਰੀ ਹੈ ? | ੦-੨੦ | ਜੀਵਨ ਝਲਕਾਂ ਭਾ:ਸਾ: ਰਣਧੀਰ ਸਿੰਘ | ੦-੫੦ |


ਗੰਭੀਰ ਪ੍ਰਿੰਟਿੰਗ ਪ੍ਰੈਸ, ਚੌਕ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੮.੭੭ ਨੂੰ ਪ੍ਰਕਾਸ਼ਤ ਕੀਤਾ ।
ਟੈਲੀਫੋਨ ਨੰਬਰ 5 1 8 4 7

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





ਸਾਲਾਨਾ ਚੰਦਾ ੮–੦੦
ਇਕ ਪਰਚਾ ੦–੭੫
ਪਰਦੇਸ
ਸਮੁੰਦਰੀ ਡਾਕ ੧੮–੫੦
ਹਵਾਈ ਡਾਕ
ਅਰਬ, ਮਲਾਇਆ ੩੫–੦੦
ਯੂ. ਕੇ., ਅਫਰੀਕਾ ੪੫–੦੦
ਕੈਨੇਡਾ, ਅਮਰੀਕਾ ੫੫–੦੦



**ਸੰਪਾਦਕੀ ਬੋਰਡ**
ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿਘ
ਗਿ: ਜਸਵੰਤ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ


## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ


ਜਿਲਦ ੧੧ ਅਗਸਤ ੧੯੭੭ ਅੰਕ ੮


## ਸੰਤ ਰਹਤ ਸੁਨਹੁ ਮੇਰੇ ਭਾਈ

ਆਠ ਪਹਰ ਨਿਕਟਿ ਕਰਿ ਜਾਨੈ ॥ ਪ੍ਰਭ ਕਾ ਕੀਆ ਮੀਠਾ ਮਾਨੈ ॥
ਏਕੁ ਨਾਮੁ ਸੰਤਨ ਆਧਾਰੁ ॥ ਹੋਇ ਰਹੇ ਸਭ ਕੀ ਪਗੁ ਛਾਰੁ ॥੧॥
ਸੰਤ ਰਹਤ ਸੁਨਹੁ ਮੇਰੇ ਭਾਈ ॥ ਉਆ ਕੀ ਮਹਿਮਾ ਕਥਨੁ ਨ ਜਾਈ ॥੧॥ਰਹਾਉ॥
ਵਰਤਣਿ ਜਾ ਕੈ ਕੇਵਲ ਨਾਮੁ ॥ ਅਨਦ ਰੂਪ ਕੀਰਤਨੁ ਬਿਸ੍ਰਾਮੁ ॥
ਮਿਤ੍ਰ ਸਤ੍ਰ ਜਾ ਕੈ ਏਕ ਸਮਾਨੈ ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ ॥੨॥
ਕੋਟਿ ਕੋਟਿ ਅਘ ਕਾਟਨਹਾਰਾ ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ ॥
ਸੂਰਬੀਰ ਬਚਨ ਕੇ ਬਲੀ ॥ ਕਉਲਾ ਬਪੁਰੀ ਸੰਤੀ ਛਲੀ ॥੩॥
ਤਾ ਕਾ ਸੰਗੁ ਬਾਛਹਿ ਸੁਰਦੇਵ ॥ ਅਮੋਘ ਦਰਸੁ ਸਫਲ ਜਾ ਕੀ ਸੇਵ ॥
ਕਰ ਜੋੜਿ ਨਾਨਕੁ ਕਰੇ ਅਰਦਾਸਿ॥ ਮੋਹਿ ਸੰਤਹ ਟਹਲ ਦੀਜੈ ਗੁਣਤਾਸਿ ॥੪॥

[ਆਸਾ ਮਹਲਾ ੫, ਪੰਨਾ ੩੯੨


ਚਿੱਠੀ ਪੱਤਰ ਤੇ ਰਕਮ ਭੇਜਣ ਲਈ :—

**ਮੈਨੇਜਰ 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ**


www.AKJ.Org

# ਤੂੰ ਵਲਵੰਚ ਲੂਕਿ ਕਰਹਿ ਸਭ ਜਾਣੈ ਜਾਣੀ ਰਾਮ

[ ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ]

ਤੂੰ ਵਲਵੰਚ ਲੂਕਿ ਕਰਹਿ ਸਭ ਜਾਣੈ ਜਾਣੀ ਰਾਮ ॥ ਲੇਖਾ ਧਰਮ ਭਇਆ ਤਿਲ ਪੀੜੇ ਘਾਣੀ ਰਾਮ ॥ ਕਿਰਤ ਕਮਾਣੇ ਦੁਖ ਸਹੁ ਪਰਾਣੀ ਅਨਿਕ ਜੋਨਿ ਭ੍ਰਮਾਇਆ ॥ ਮਹਾ ਮੋਹਨੀ ਸੰਗਿ ਰਾਤਾ ਰਤਨ ਜਨਮੁ ਗਵਾਇਆ ॥ ਇਕਸੁ ਹਰਿ ਕੇ ਨਾਮ ਬਾਝਹੁ ਆਨ ਕਾਜ ਸਿਆਣੀ ॥ ਬਿਨਵੰਤ ਨਾਨਕ ਲੇਖੁ ਲਿਖਿਆ ਭਰਮਿ ਮੋਹਿ ਲੁਭਾਣੀ ॥੨॥ ਬੀਚੁ ਨ ਕੋਇ ਕਰੇ ਅਕ੍ਰਿਤਘਣੁ ਵਿਛੁੜਿ ਪਇਆ ॥ ਆਏ ਖਰੇ ਕਠਿਨ ਜਮ ਕੰਕਰਿ ਪਕੜਿ ਲਇਆ ॥ ਪਕੜੇ ਚਲਾਇਆ ਅਪਣਾ ਕਮਾਇਆ ਮਹਾ ਮੋਹਨੀ ਰਾਤਿਆ ॥ ਗੁਨ ਗੋਵਿੰਦ ਗੁਰਮੁਖਿ ਨ ਜਪਿਆ ਤਪਤ ਥੰਮ੍ ਗਲਿ ਲਾਤਿਆ ॥ ਕਾਮ ਕ੍ਰੋਧਿ ਅਹੰਕਾਰਿ ਮੂਠਾ ਖੋਇ ਗਿਆਨੁ ਪਛੁਤਾਪਿਆ ॥ ਬਿਨਵੰਤ ਨਾਨਕ ਸੰਜੋਗਿ ਭੂਲਾ ਹਰਿ ਜਾਪੁ ਰਸਨ ਨ ਜਾਪਿਆ ॥੩॥ (ਪ॥੪॥੭)

[ਬਿਹਾਗੜਾ ਮ: ੫ ਛੰਤ, ਪੰਨਾ ੫੪੬

ਕੈਸਾ ਇਬਰਤਨਾਕ ਦ੍ਰਿਸ਼ ਦਰਸਾਇਆ ਗਿਆ ਹੈ ਇਸ ਗੁਰਵਾਕ ਅੰਦਰ। ਪਾਪੀ ਜੀਉੜੇ ਆਪਣੇ ਜਾਣੇ ਲੁਕ-ਛਿਪ ਕੇ ਅਤੇ ਵਲ-ਛਲ ਕਰ ਕੇ ਪਾਪ ਕਮਾਉਂਦੇ ਹਨ, ਪਰ ਪਾਪ ਕਰਮ ਕੀਤਾ ਲੁਕਦਾ ਨਹੀਂ, ਕਿਉਂਕਿ ਵਾਹਿਗੁਰੂ ਅੰਤਰਯਾਮੀ ਸਭ ਕੁਝ ਜਾਣਦਾ ਹੈ। ਸਰਬ-ਵਿਆਪੀ ਹੋਣ ਕਰਕੇ ਸਾਰੀਆਂ ਲੁਕੀਆਂ-ਛਿਪੀਆਂ ਕੜਾਂ ਕੂੰਨਾਂ ਵਿਖੇ ਭੀ ਹਾਜ਼ਰ ਨਾਜ਼ਰ ਹੈ। ਲੁਕਵੇਂ ਪਾਪ ਕਰਮ ਕਮਾਤਿਆਂ ਨੂੰ ਭੀ ਦੇਖਣਹਾਰ ਹੈ। ਕਮਾਤੇ ਪਾਪਾਂ ਦਾ ਲੇਖਾ ਅਗੇ ਜਾ ਕੇ ਧਰਮਰਾਇ ਦੀ ਕਚਹਿਰੀ ਵਿਚ ਜ਼ਰੂਰ ਦੇਣਾ ਪਊ। ਮਤ ਕੋਈ ਜਾਣੇ ਕਿ ਲੂਕਿ ਕਮਾਣੇ ਪਾਪ ਅਗੇ ਜਾ ਕੇ ਭੀ ਗੁਝੇ ਰਹਿਣਗੇ। ਉਹ ਤਾਂ ਧਰਮਰਾਜ ਦੇ ਹਰ ਜੀਵ ਨਾਲ ਛਡੇ ਹੋਏ ਮੁਨਸ਼ੀ ਚਿਤਰ ਗੁਪਤ ਹਰ ਦੰਮ ਕੀਤੇ ਕਰਮਾਂ ਦੀ ਸ਼ਹਾਦਤ ਦਰਜ ਕਰਦੇ ਰਹਿੰਦੇ ਹਨ। ਅਗਾਂਹ ਜਾ ਕੇ ਜਦੋਂ ਧਰਮਰਾਇ ਅਗੇ ਲੇਖਾ ਹੁੰਦਾ ਹੈ ਵਲਵੰਚੀ ਕਰਮਾਂ ਦਾ ਤਾਂ ਜੀਵ ਤਿਲ ਘਾਣੀ ਵਾਂਗੂ ਪੀੜਿਆ ਜਾਣਾ ਹੈ। ਆਪਣੀਆਂ ਕੀਤੀਆਂ ਕਰਤੂਤਾਂ ਦੀਆਂ ਸਜ਼ਾਵਾਂ ਦਾ ਦੁਖ ਸਹਿਣਾ ਪੈਂਦਾ ਹੈ। ਨਰਕ ਵਿਚ ਤਿਲ ਘਾਣੀ ਪੀੜੇ ਜਾਣ ਦੀਆਂ ਸਜ਼ਾਵਾਂ ਭੁਗਤ ਕੇ ਫੇਰ ਪਾਪੀ ਜੀਵ ਅਨੇਕ ਜੂਨਾਂ ਵਿਚ ਫਿਰਾਇਆ ਭ੍ਰਮਾਇਆ ਜਾਂਦਾ ਹੈ। ਓਹੋ! ਕੈਸੀ ਤਰਸ-ਯੋਗ ਦਸ਼ਾ ਹੈ!! ਮਨੁੱਖਾ-ਜਨਮ ਜੈਸਾ ਰਤਨ ਜਨਮ ਪਾ ਕੇ ਐਵੇਂ ਅਜਾਈਂ ਹੀ ਗਵਾਇਆ, ਮਹਾਂ ਮੋਹਨੀ ਮਾਇਆ ਛਲਣੀ ਦੇ ਰਸਾਂ ਕਸਾਂ ਵਿਚ ਰਚ ਪਚ ਕੇ ਗਵਾ ਲਿਆ, ਹੋਰਨਾਂ ਧੰਦਿਆਂ ਵਿਚ ਹੀ ਖੱਚਤ ਹੋਇਆ ਰਿਹਾ। ਵਾਹਿਗੁਰੂ ਦੇ ਨਾਮ ਵਲ ਰੁਚੀ ਹੀ ਨਾ ਕੀਤੀ। ਸਹਸ ਸਿਆਣਪਾਂ ਵਿਚ ਖਪਤ ਹੋਇਆ ਰਿਹਾ।

ਇਕ ਵਾਹਿਗੁਰੂ ਦੇ ਨਾਮ ਬਾਝਹੁੰ ਹੋਰ ਸਿਆਣਪਾਂ ਵਾਲੇ ਕਾਜ ਕਿਸੇ ਕੰਮ ਨਹੀਂ ਆਉਂਦੇ। ਸਭਨਾਂ ਦਾ ਲੇਖਾ ਹਿਸਾਬ ਅਗੇ ਜਾ ਕੇ ਮੰਗਿਆ ਜਾਂਦਾ ਹੈ। ਜਿਹੜੇ ਭਰਮ ਮੋਹ ਦੇ ਭਰਮਾਏ ਰਹੇ, ਉਹ ਨਾਮ ਵਲੋਂ ਵੰਞਾਏ ਹੀ ਰਹੇ। ਉਹਨਾਂ ਦਾ ਅਗੇ ਜਾ ਕੇ ਇਹ ਹਾਲ ਹੋਣਾ ਹੀ ਸੀ। ਕਰਤਾਰ ਵਾਹਿਗੁਰੂ ਦਾ ਨਾਮ ਵਿਸਾਰਨਹਾਰੇ ਅਕ੍ਰਿਤਘਣ ਨਾਸ਼ੁਕਰੇ ਪੁਰਸ਼ਾਂ ਦਾ ਅਗੇ ਜਾ ਕੇ ਕੋਈ ਭੀ ਹਿਮਾਇਤੀ ਨਹੀਂ ਬਣਦਾ। ਕੋਈ ਭੀ ਵਿਚ ਪੈ ਕੇ, ਸਿਫ਼ਾਰਸ਼ ਕਰ ਕੇ ਉਹਨਾਂ ਨੂੰ ਬਚਾਉਣਹਾਰਾ ਨਹੀ ਹੁੰਦਾ। ਜਦੋਂ ਧਰਮਰਾਇ ਦੇ ਅੱਤ ਕਠੋਰ ਜਮਦੂਤ ਜੀਵ ਨੂੰ ਆ ਗਲੋਂ ਫੜਦੇ ਹਨ, ਉਥੇ ਉਸ ਨੂੰ ਛੁਡਾਉਣਹਾਰਾ ਕੋਈ ਨਹੀਂ। ਬਸ, ਆਪਣੇ ਕੀਤੇ ਕਮਾਤੇ ਪਾਪਾਂ ਦੀ ਸਜ਼ਾ ਭੁਗਤਣ ਲਈ ਧਰਮਰਾਇ ਦੀ ਦਰਗਾਹ ਵਿਚ ਫੜਿਆ ਹੋਇਆ ਬੰਧੂਆ ਬਣਾ ਕੇ ਲੈ ਜਾਇਆ ਜਾਂਦਾ ਹੈ। ਬਥੇਰੀ ਹਾਹਾਕਾਰ, ਹਾਲ ਪੁਕਾਰ ਕਰਦਾ



www.AKJ.Org

ਹੈ ਤੇ ਪਛਤਾਉਂਦਾ ਹੈ। ਪਰ ਫੇਰ ਪਛਤਾਇਆਂ ਕੀ ਬਣਦਾ ਹੈ? ਜਦੋਂ ਸੰਭਲਣ ਦਾ ਵੇਲਾ ਸੀ ਓਦੋਂ ਤਾਂ ਸੰਭਲਿਆ ਨਾ। ਗੁਣ ਗੋਬਿੰਦ ਅਤੇ ਗੁਰਮੁਖਿ (ਵਾਹਿਗੁਰੂ) ਨਾਮ ਇਕ ਨਿਮਖ ਭੀ ਨ ਜਪਿਆ। ਮਹਾਂ ਮੋਹਨੀ ਰਤਿਆ ਸੋਹੱਤਿਆ ਪਾਪਾਂ ਵਿਚ ਖੱਚਤ ਰਿਹਾ। ਮਹਾਂ ਮੋਹਨੀ ਦੇ ਸੁਆਦ ਚੱਖਣ ਦੀ ਇਹ ਸਜ਼ਾ ਮਿਲੀ ਕਿ ਅੰਗਾਰਾਂ ਵਾਂਗੂ ਤਪਦੇ ਥੰਮਾਂ ਨਾਲ ਚੰਮੇੜਿਆ ਗਲਫੇੜਿਆ ਗਿਆ। ਕਾਮ, ਕ੍ਰੋਧ, ਹੰਕਾਰ ਦੇ ਮੱਤਿਆਂ ਨੂੰ ਇਹ ਸਜ਼ਾਵਾਂ ਮਿਲਣੀਆਂ ਹੀ ਸਨ। ਓਦੋਂ ਤਾਂ ਵੀਚਾਰ ਗਿਆਨ ਦਾ ਵੇਲਾ ਸੀ, ਸੋ ਖੋ ਬੈਠਾ। ਖੋਇ ਗਿਆਨ ਪਛੋਤਾਪ ਕਰਨਾ ਕੁਵੇਲੇ ਦਾ, ਕੰਮ ਨਹੀਂ ਆਉਂਦਾ। ਕਿਰਤ ਸੰਜੋਗਾਂ ਦਾ ਭੁਲਿਆ ਹੋਇਆ ਪਾਪ-ਰਤੇ ਕਰਮਾਂ ਵਿਚ ਹੀ ਖੱਚਤ ਰਿਹਾ। ਰਸਨਾ ਕਰਕੇ ਨਿਮਖ ਭਰ ਨਾਮ ਦਾ ਜਾਪ ਨ ਕੀਤਾ। ਗੁਰਮਤਿ ਨਾਮ ਦਾ ਜਾਪ ਹੀ ਬਚਾ ਸਕਦਾ ਸੀ; ਉਹ ਜਮਾ (ਕਿਲਕੁਲ) ਈ ਨ ਕਰਿਆ।

ਇਸ ਅਗੇ ਹੋਣ ਵਾਲੀ ਦੁਰਦਸ਼ਾ ਨੂੰ ਵੀਚਾਰ ਕੇ ਜੇ ਅਜੇ ਭੀ ਪਾਪ ਕਰਮਾਂ ਤੋਂ ਬੰਚਤ ਰਹਿਣ ਦੀ ਸੋਝੀ ਨਾ ਆਵੇ ਤਾਂ ਬੜੇ ਹੀ ਖੋਟੇ ਭਾਗ ਹਨ। ਇਹ ਗੁਰਵਾਕ ਦਰਸਾਇਆ ਅਗੇ ਵਰਤਣ ਵਾਲਾ ਪਾਪ-ਸਜਾਈਆਂ ਵਾਲਾ ਝਾਕਾ, ਇੰਨ-ਬਿੰਨ ਸਚਾਵਾ ਖ਼ਾਕਾ ਖਿਚਿਆ ਗਿਆ ਹੈ। ਇਸ ਵਿਚ ਸੰਦੇਹ ਰੰਚਕ ਨਹੀਂ। ਮਨਮੋਹਨੀਆਂ ਦੇ ਮੋਹ ਖੁਆਰੀ ਬਿਭਚਾਰ ਵਿਚ ਖੀਨ-ਖਰਾਬ ਹੋਣ ਵਾਲਿਆਂ ਨਾਲ ਇਹ ਉੱਪਰ ਦਰਸਾਈ ਕੁਪੱਤ ਜ਼ਰੂਰ ਹੋਵੇਗੀ। ਤਿਨ੍ਹਾਂ ਨੂੰ ਜ਼ਰੂਰ ਤਪਦੇ ਥੰਮਾਂ ਨਾਲ ਲਾਇਆ ਜਾਵੇਗਾ। ਜੋ ਪਰ-ਤ੍ਰਿਆ ਰਮਣ ਦੇ ਸੁਆਦਾਂ ਵਿਚ ਆਪਣੀਆਂ ਛਾਤੀਆਂ ਅਤੇ ਗਲ ਜਫਕੜੀਆਂ ਨੂੰ ਕਲੰਕਤ ਕਰਦੇ ਹਨ ਅਤੇ ਲੁਕ-ਛਿਪ ਕੇ ਬਿਭਚਾਰ ਕਰਨ ਵਿਚ ਖੱਚਤ ਪਰਵਿਰਤ ਹੁੰਦੇ ਹਨ, ਉਹਨਾਂ ਦੀ ਅਗੇ ਜਾ ਕੇ ਉੱਪਰ ਦਰਸਾਈ ਖੁਆਰੀ ਜ਼ਰੂਰ ਹੋਵੇਗੀ। ਜਿਨ੍ਹਾਂ ਅਭਾਗਿਆਂ ਨੂੰ ਉਪਰਲਾ ਹਵਾਲ ਪੜ੍ਹ ਕੇ ਇਬਰਤ ਨਹੀਂ ਆਈ, ਉਹਨਾਂ ਦਾ ਕੀ ਠਿਕਾਣਾ ਹੈ? ਕੋਈ ਨਹੀਂ। ਨਾਮ ਮਹਾਂ ਰਸ ਦੇ ਅੰਮ੍ਰਿਤਾ ਸੁਆਦ ਛਡ ਕੇ ਬਿਖੇ ਰਸ ਭੋਗਾਂ ਦੇ ਸੁਆਦਾਂ ਵਿਚ ਪੈਣ ਵਾਲਿਆਂ ਨੂੰ ਇਹ ਸਜ਼ਾਈਂ ਜ਼ਰੂਰ ਮਿਲਣਗੀਆਂ। ਮਤ ਕੋਈ ਭੁਲੇਖੇ ਵਿਚ ਰਹੇ ਕਿ ਇਹ ਐਵੇਂ ਹੀ ਡਰਾਉਣ ਵਾਲੀਆਂ ਗੱਲਾਂ ਲਿਖੀਆਂ ਹਨ। ਗੁਰੂ ਸਾਹਿਬ ਨੇ ਜੋ ਕੁਝ ਲਿਖਿਆ ਹੈ ਸੋ ਸਭ ਸਤਿ ਸਤਿ ਹੈ, ਵਰਤ ਕੇ ਰਹੇਗਾ, ਆਹਲਾ ਨਹੀਂ ਜਾਣਾ।

ਅਗਲਾ ਗੁਰਵਾਕ ਬਿਭਚਾਰੀਆਂ ਪਰ ਤ੍ਰਿਅ-ਗਾਮੀਆਂ ਪੁਰਸ਼ਾਂ ਦੇ ਖ਼ੂਬ ਬਣਾ ਕੇ ਕੰਨ ਖੋਲ੍ਹਦਾ ਹੈ। ਯਥਾ—

ਦੇਇ ਕਿਵਾੜ ਅਨਿਕ ਪੜਦੇ ਮਹਿ ਪਰ
ਦਾਰਾ ਸੰਗਿ ਫਾਕੈ ॥ ਚਿਤ੍ਰ ਗੁਪਤੁ ਜਬ ਲੇਖਾ
ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥੩॥
(੪॥੧੫॥੨੬) ਸੋਰਠਿ ਮਹਲਾ ੫, ਪੰਨਾ ੬੧੬

ਭਾਵ—ਪਰ-ਇਸਤ੍ਰੀ-ਗਾਮੀ ਪੁਰਸ਼ (ਯਾ ਪਰ-ਪੁਰਸ਼ ਨਾਲ ਝਖ ਮਾਰਨ ਵਾਲੀਆਂ ਇਸਤ੍ਰੀਆਂ) ਆਪਣੇ ਪਾਪ ਕਰਮ ਨੂੰ ਢਕਣ (ਲੋਕਾਂ ਪਾਸੋਂ ਛਪਾਉਣ) ਲਈ ਬਿਵਰਜਤ ਬਿਭਚਾਰ ਕਰਮ ਕਰਨ ਖ਼ਾਤਰ, ਅੰਦਰੋਂ ਕਿਵਾੜ (ਬੂਹੇ) ਮਾਰਦੇ (ਬੰਦ ਕਰਦੇ) ਹਨ ਅਤੇ ਹੋਰ ਭੀ ਅਨਿਕ ਪ੍ਰਕਾਰ ਦੀਆਂ ਪੜਦਾ-ਪੋਸ਼ੀਆਂ ਕਰਦੇ ਹਨ, ਪਰ ਅਗੇ ਜਾ ਕੇ ਜਦੋਂ ਧਰਮਰਾਇ ਦੇ ਦਰਬਾਰ ਵਿਚ ਚਿਤਰ ਗੁਪਤ ਖੁਦ ਆਪਣੀ ਡਿਠੀ ਗਵਾਹੀ ਦੇਣਗੇ ਬਿਭਚਾਰ ਕਰਮ ਦੀ, ਤਾਂ ਓਥੇ ਪੜਦਾ ਉਘੜ ਜਾਣਾ ਹੈ, ਢਕਿਆ ਨਹੀਂ ਰਹਿਣਾ। ਕਿਉਂਕਿ ਭਾਵੇਂ ਲਖਾਂ ਪੜਦਿਆਂ ਵਿਚ ਪਾਪ ਕਮਾਏ ਜਾਣ, ਗੁੱਝਾ ਨਹੀਂ ਰਹਿਣਾ। ਚਿਤਰ ਗੁਪਤ ਹਰ ਦੰਮ ਹਰ ਜਗਹ ਸਾਥ ਰਹਿੰਦੇ ਹਨ। ਹੋਰ ਤਾਂ ਹੋਰ, ਘਟ ਘਟ ਦਾ ਅੰਤਰਯਾਮੀ ਹਨੇਰੇ, ਚਾਨਣੇ ਹਰ ਥਾਂ ਮੌਜੂਦ ਹੈ ਤੇ ਅੰਤਰ ਬਾਹਰ ਦੀ ਗਤਿ ਜਾਨਣਹਾਰ ਹੈ। ਉਸ ਪਾਸੋਂ ਕੋਈ ਕੀਤਾ ਕਰਮ ਕਿਸੇ ਪ੍ਰਾਣੀ ਦਾ ਛੁਪਿਆ ਨਹੀਂ ਰਹਿੰਦਾ। ਚਾਹੇ ਕੋਈ ਧਰਤੀ ਵਿਚ ਬਹਿ ਕੇ, ਪਤਾਲ ਵਿਚ ਉਤਰ ਕੇ ਕਰਮ ਕਮਾਵੇ।

ਪਰ-ਤ੍ਰਿਆ-ਗਾਮੀਆਂ ਨੂੰ ਅਤੇ ਪਰ-ਪੁਰਸ਼ ਰਮਨੀਆਂ ਨੂੰ ਜੇਕਰ ਇਸ ਉੱਪਰਲੇ ਵਾਕ ਦੀ ਦਸੀ



www.AKJ.Org

ਹਕੀਕਤ ਮਨ ਬਚ ਕਰਮ ਕਰਕੇ ਜ਼ਿਹਨ-ਨਸ਼ੀਨ ਹੋ ਜਾਵੇ ਤਾਂ ਪਾਪ ਕਰਮ ਕੋਈ ਨ ਕਰੇ । ਗੁਰੂ ਕੇ ਸਿਖਾਂ ਨੂੰ ਇਸ ਗੁਰਵਾਕ ਦੀ ਸਚਾਈ ਤੇ ਪੱਕਾ ਯਕੀਨ ਦ੍ਰਿੜ੍ਹ ਹੋ ਜਾਵੇ ਤਾਂ ਕੋਈ ਭੀ ਪਤਿਤ ਨ ਹੋਣਾ ਪਾਵੇ। ਸਮੂਹ ਗੁਰਸਿਖਾਂ ਪ੍ਰਤੀ ਨਿਸਚਿਤ ਰਹੇ ਕਿ ਉਪਰਲੇ ਗੁਰ-ਪ੍ਰਮਾਣ ਦੀ ਸਚਾਈ ਦੀ ਰੋਸ਼ਨੀ ਅੰਦਰ ਦਰਸਾਈ ਦਸਾਈ ਚਿਤਰ ਗੁਪਤ ਦੀ ਹੋਂਦ ਸਹੀ ਅਤੇ ਸੱਚ ਹਕੀਕਤ ਹੈ ।

ਪਾਤਕਾਂ, ਪਤਿਤ ਕਰਮੀਆਂ ਦਾ ਪਿਛਲਾ ਲੇਖਾ ਤਦੇ ਮੁਕਦਾ ਹੈ, ਜੇਕਰ ਨਾਮ ਦੀ ਪੂੰਜੀ ਗੁਰਮੁਖਾਂ ਪੰਜ ਪਿਆਰਿਆਂ ਦੇ ਪੁੰਜ ਸੰਤਾਂ ਪਾਸੋਂ ਗੁਰੂ ਸਾਹਿਬ ਦੇ ਤਾਬਿਆ ਮਿਲਣ ਪਸਚਾਤ, ਉਹ ਪਤਿਤ-ਕਰਮੀ ਫੇਰ ਪਤਿਤ ਕਰਮ ਨਾ ਕਮਾਉਣ ।

ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ
ਮਨ ਕਾ ਧੋਖਾ ॥ ਧਰਮਰਾਇ ਅਬ ਕਹਾ
ਕਰੈਗੋ ਜਉ ਫਾਟਿਓ ਸਗਲੋ ਲੇਖਾ ॥ ੩ ॥
(੪॥੮॥੧੯) ਸੋਰਠਿ ਮ: ੫, ਪੰਨਾ ੬੧੪

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਸਤਿਗੁਰ ਕੇ ਜਨਮੇ ਗਵਨ ਮਿਟਾਵਣ ਪਰ, ਅਰਥਾਤ ਅੰਮ੍ਰਿਤ ਪਾਨ ਕਰ ਕੇ ਸਿੰਘ ਖ਼ਾਲਸਾ ਸਜਣ ਪਰ, ਗੁਰ-ਦੀਖਿਆ ਗੁਰਮੰਤਰ ਮਿਲਣ ਸਾਰ ਅਤੇ ਅੰਮ੍ਰਿਤ ਦੀਆਂ ਘੁੱਟਾਂ ਘਟ ਅੰਦਰ ਜਾਣ ਸਾਰ ਸਾਰੇ ਪੂਰਬਲੇ ਕੀਤੇ ਕਮਾਤੇ ਪਾਪ-ਕਰਮ ਦਗਧ ਹੋ ਜਾਂਦੇ ਹਨ। ਪਰ ਏਹਨਾਂ ਪਾਪ-ਕਰਮਾਂ ਤੋਂ ਬਚਣ ਲਈ, ਪਾਪ ਬਿਭਚਾਰ ਤੋਂ ਅਗੇ ਨੂੰ ਬਚਣ ਲਈ, ਸੁਆਸ ਸੁਆਸ ਨਾਮ ਦੇ ਅਭਿਆਸ ਦੀ ਕਮਾਈ ਕਰੀ ਜਾਣੀ ਅਵੱਸ਼ ਜ਼ਰੂਰੀ ਅਤੇ ਲਾਜ਼ਮੀ ਹੈ, ਕਦੇ ਅਵੇਸਲੇ ਨਹੀਂ ਹੋਣਾ ਚਾਹੀਦਾ। ਨਾਮ ਤੋਂ ਅਵੇਸਲੇ ਹੋਇਆਂ ਪੰਜਾਂ ਦੂਤਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦਾ ਦਾਉ ਕਦੇ ਨਾ ਕਦੇ ਚਲ ਹੀ ਜਾਂਦਾ ਹੈ ਅਤੇ ਮਨੂਆ ਡੋਲ ਜਾਂਦਾ ਹੈ। ਮਨ ਤਾਂ ਏਹਨਾਂ ਪੰਜਾਂ ਦਾ ਹੀ ਪੁੰਜ ਹੈ। ਮਨ ਅਮੋੜ ਹੈ। ਮਦ-ਮਤੇ ਹਾਥੀ (ਮੈਗਲ) ਵਾਂਗੂ ਇਸ ਦੇ ਉਪਰ ਨਾਮ ਦਾ ਅੰਕਸ ਪੈਂਦਾ ਹੀ ਰਹੇ, ਤਦੇ ਹੀ ਸੂਤ ਰਹਿੰਦਾ ਹੈ। ਹਾਂ, ਨਾਮ ਅਭਿਆਸੀ ਦੀ ਅਭਿਆਸ ਕਮਾਈ ਜਦ ਇਸ ਟੀਸੀ ਤਾਈਂ ਪੁਜ ਜਾਂਦੀ ਹੈ ਕਿ ਘਟ ਅੰਤਰ ਹੀ ਜੋਤਿ ਪ੍ਰਕਾਸ਼ ਹੋ ਕੇ ਪਰਮਾਤਮਾ ਪਰਤੱਖ ਨਜ਼ਰੀ ਆਉਣ ਲਗ ਜਾਂਦਾ ਹੈ, ਇਸ ਅਵਸਥਾ ਵਿਖੇ ਕੋਈ ਪਾਪ-ਕਰਮ ਹੋਣਾ ਹੀ ਨਹੀਂ ਪਾਉਂਦਾ । ਮਨ ਦੀ ਦਸ਼ਾ ਹੀ ਅਫੁਰ ਹੋ ਜਾਂਦੀ ਹੈ, ਕਾਮ-ਵਾਸ਼ਨਾ-ਮਈ ਕੋਈ ਫੁਰਨਾ ਹੀ ਨਹੀਂ ਫੁਰਦਾ। ਮੋਹ-ਮਦ ਦੇ ਸੰਕਲਪ ਸਭ ਨਾਬੂਦ ਹੋ ਜਾਂਦੇ ਹਨ। ਪਰ ਇਸ ਦੇ ਪ੍ਰਾਪਤ ਹੋਣ ਤੀਕ ਕੇਵਲ ਉੱਪਰ ਲਿਖੇ ਸਾਰਖੇ ਗੁਰਵਾਕਾਂ ਦੀ ਟੇਕ ਹੀ ਸਿਖਾਂ ਨੂੰ ਬਿਭਚਾਰ, ਪਤਿਤ ਕਰਮਾਂ ਤੋਂ ਬਚਾਏਗੀ ।

ਅਗਲਾ ਗੁਰਵਾਕ ਭੀ ਉਪਰਲੀ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ—

ਜਿਨ ਕਉ ਕ੍ਰਿਪਾ ਕਰੀ ਜਗਜੀਵਨਿ ਹਰਿ
ਉਰਿਧਾਰਿਓ ਮਨ ਮਾਝਾ ॥ ਧਰਮਰਾਇ ਦਰਿ
ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥
੪॥੫॥ [ਜੈਤਸਰੀ ਮਹਲਾ ੪, ਪੰਨਾ ੬੯੮

ਭਾਵ—ਜਗਤ ਦੇ ਜੀਵਨ-ਆਧਾਰ ਵਾਹਿਗੁਰੂ ਦੀ ਅਪਾਰ ਕਿਰਪਾ ਜਿਨ੍ਹਾਂ ਜਨਾਂ ਉਤੇ ਹੋ ਗਈ, ਤਿਨ੍ਹਾਂ ਜਨਾਂ ਨੇ ਵਾਹਿਗੁਰੂ ਅਤੇ ਵਾਹਿਗੁਰੂ ਨਾਮ ਨੂੰ ਆਪਣਿਆਂ ਹਿਰਦਿਆਂ ਅੰਦਰ ਦ੍ਰਿੜ੍ਹ ਕਰ ਕੇ ਵਸਾਇਆ ਹੈ। ਉਹ ਸੁਆਸ ਸੁਆਸ ਨਾਮ-ਅਭਿਆਸ ਵਿਚ ਹੀ ਜੁਟੇ ਰਹਿੰਦੇ ਹਨ, ਹਰ ਦਮ ਨਾਮ ਲਿਵਤਾਰੀ ਹੀ ਰਹਿੰਦੇ ਹਨ। ਉਹਨਾਂ ਦੇ ਕਰਮਾਂ ਦੇ ਲੇਖਾਂ ਅਤੇ ਲੇਖਿਆਂ ਦੇ ਜੋ ਕਾਗਦ ਭੀ ਸਨ, ਧਰਮਰਾਇ ਦੇ ਦਫ਼ਤਰ ਵਿਚ ਸਭ ਫਾੜੇ ਗਏ ਅਤੇ ਲੇਖਾ ਮੁਕ ਚੁਕ ਗਇਆ। ਕੁਛ ਬਾਕੀ ਨਹੀਂ ਰਹੀ।

ਨਾਮ ਰਸੀਆਂ, ਅਭਿਆਸੀਆਂ, ਸ਼ਬਦ ਵਿਗਾਸੀਆਂ ਤੋਂ ਬਿਨਾਂ ਗ਼ਰੀਬ ਅਮੀਰ, ਕੀ ਰੰਕ ਕੀ ਰਾਜੇ, ਭਾਵੇਂ ਕਿਸੇ ਤਬਕੇ ਦੇ, ਕਿਸੇ ਸੁਸਾਇਟੀ ਦੇ ਆਦਮੀ ਹੋਣ, ਨਾਮੋਂ ਸੱਖਣੇ ਹੋਣ ਕਰਕੇ ਸਾਰਿਆਂ ਨੂੰ ਧਰਮਰਾਇ ਪਾਸ ਪਕੜ ਕੇ ਮੁਜਰਮ ਅਤੇ ਮੁਲਜ਼ਮ ਦੀ ਨਿਆਈਂ ਲਿਜਾਇ ਕੇ ਖੜਾ ਕੀਤਾ ਜਾਊ ਤੇ



www.AKJ.Org

ਸਜ਼ਾਯਾਬ ਹੋਣਾ ਪਊ। ਯਥਾ ਗੁਰਵਾਕ—

ਨਰਪਤਿ ਰਾਜੇ ਰੰਗ ਰਸ ਮਾਣਹਿ
ਬਿਨੁ ਨਾਵੈ ਪਕੜਿ ਖੜੇ ਸਭਿ ਕਲਘਾ ॥
ਧਰਮਰਾਇ ਸਿਰਿ ਡੰਡੁ ਲਗਾਨਾ
ਫਿਰਿ ਪਛੁਤਾਨੇ ਹਥ ਫਲਗਾ॥੨॥ (੪॥੨॥੧੧)

[ਸੂਹੀ ਮ: ੪, ਪੰਨਾ ੭੩੧

ਭਾਵ—ਇਹ ਜੋ ਰਾਜੇ ਨਰਾਂ ਦੇ ਪਤੀ ਮਾਲਕ ਸਦਾਉਂਦੇ ਹਨ ਅਤੇ ਰਸ-ਰਸਾਂ ਵਿਚ ਖੱਚਤ ਹੋਣ ਦੀਆਂ ਰੰਗ-ਰਲੀਆਂ ਮਾਣਦੇ ਹਨ ਅਤੇ ਸੰਸਾਰੀ ਰਾਜ ਮਦ ਦੇ ਰਜਾਂ ਦੇ ਮਦ ਵਿਚ ਮਸਤ ਹੋਣ ਕਰਕੇ ਪਰਮਾਰਥ ਵਲ ਪਾਸਾ ਹੀ ਨਹੀਂ ਪਰਤਦੇ, ਨਾਮ ਹੀਣ ਹੀ ਰਹਿੰਦੇ ਹਨ। ਏਹਨਾਂ ਸਾਰਿਆਂ ਨੂੰ ਬੋਦੀਓਂ ਫੜ ਕੇ ਜਮ ਦੂਤਾਂ ਰਾਹੀਂ ਧਰਮਰਾਇ ਦੇ ਦਰਬਾਰ ਵਿਚ ਲੈ ਜਾਇਆ ਜਾਵੇਗਾ, ਜਿਥੇ ਧਰਮਰਾਇ ਦੇ ਹੁਕਮ ਨਾਲ ਜਮ-ਡੰਡਾ ਏਹਨਾਂ ਦੇ ਸਿਰ ਤੇ ਫਾੜ ਫਾੜ ਪਵੇਗਾ। ਫੇਰ ਇਹ ਪਛਤਾਉਣਗੇ, ਜਦੋਂ ਏਹਨਾਂ ਦੇ ਹੱਥ ਅੱਗ-ਭਖਦੇ ਫਲਿਆਂ ਨਾਲ ਫਾਲੇ ਜਾਣਗੇ ਅਤੇ ਭਖਦੇ ਫਾਲਿਆਂ ਦੇ ਘਾਉ (ਨਾ ਮਿਲਣ ਵਾਲੇ ਦਾਗ) ਏਹਨਾਂ ਦੇ ਹੱਥਾਂ ਤੇ ਪੈਣਗੇ। ਉਹਨਾਂ ਹੱਥਾਂ ਤੇ ਜਿਨ੍ਹਾਂ ਹੱਥਾਂ ਨਾਲ ਨਰਪਤ ਰਾਜੇ ਹੋਣ ਦੀ ਹੈਸੀਅਤ ਵਿਚ ਏਹਨਾਂ ਨੇ ਅਨਿਆਉਂ ਭਰੇ ਜ਼ੁਲਮੀ ਹੁਕਮਾਂ ਦੇ ਫ਼ੁਰਮਾਣ ਲਿਖੇ ਹੋਣਗੇ। ਰਾਜ-ਮਦ ਵਾਲਿਆਂ ਤੋਂ ਰਾਜ-ਮਦ ਕੀ ਕੀ ਕਰਮ ਨਹੀਂ ਕਰਾਉਂਦਾ? ਅਤੇ ਏਹਨਾਂ ਦੇ ਹਥੋਂ ਕੀ ਕੀ ਕੁਧਰਮ ਅਨਿਆਉਂ ਦੇ ਕੁਲੇਖ ਕਾਲਖੀ ਦਾਗੀ ਕਾਗਦ ਨਹੀਂ ਲਿਖਾਉਂਦਾ। ਏਸ ਦੁਨੀਆ ਵਿਚ ਹੀ ਚਾਰ ਦਿਨ ਦੀਆਂ ਰਸ ਰੰਗੀਲੀਆਂ ਮਾਣਦੇ ਦਿਸਦੇ ਹਨ। ਅਗੇ ਚੱਲ ਕੇ ਏਹਨਾਂ ਦਾ ਜ਼ਰੂਰ ਹੀ ਉੱਪਰ ਦਸਿਆ ਹਾਲ ਹੋਵੇਗਾ।

ਪਰ ਜਿਨ੍ਹਾਂ ਨੂੰ ਨਾਮ-ਰੂਪੀ ਹੁੰਡੀ ਦਾ ਪਰਵਾਨਾ ਧੁਰਿ ਗੁਰ ਪਰਮੇਸ਼ਰ ਦੀ ਦਰਗਾਹੋਂ ਮਿਲ ਗਿਆ, ਤਿਨ੍ਹਾਂ ਦੇ ਧਰਮਰਾਇ ਦੇ ਸਭ ਦਫ਼ਤਰੀ ਲੇਖੇ ਮਿਟ ਗਏ। ਯਥਾ ਗੁਰਵਾਕ—

ਬਹਤਰਿ ਘਰ ਇਕੁ ਪੁਰਖੁ ਸਮਾਇਆ
ਉਨਿ ਦੀਆ ਨਾਮੁ ਲਿਖਾਈ ॥
ਧਰਮਰਾਇ ਕਾ ਦਫਤਰੁ ਸੋਧਿਆ
ਬਾਕੀ ਰਿਜਮ ਨ ਕਾਈ ॥੩॥ (੪॥੫)

[ਸੂਹੀ ਬਾਣੀ ਭਗਤ ਕਬੀਰ ਜੀ, ਪੰਨਾ ੭੯੩

ਭਾਵ—ਵਾਹਿਗੁਰੂ ਨਾਮ ਦੀ ਪਾਰਸ-ਅਭਿਆਸੀ-ਸੁਕ੍ਰਿਤ ਕਮਾਈ ਦੇ ਪਰਤਾਪ ਰਸਾਇਣੀ ਪ੍ਰਭਾਵ ਕਰਿ, ਜਿਸੁ ਜਨ ਦੇ ਦੇਹੀ ਰੂਪੀ ਘਰ ਦੀਆਂ ਬਹੱਤਰ ਹਜ਼ਾਰੀ ਨਾੜੀ ਰੂਪੀ ਕੋਠੜੀਆਂ ਵਿਖੇ, ਅਰਥਾਤ ਜਿਸ ਜਨ ਦੇ ਰਗ-ਰੇਸ਼ੇ ਅੰਦਰ ਵਾਹਿਗੁਰੂ ਜੋਤੀ ਸਰੂਪ ਦੀ ਜੋਤਿ ਪਰਕਾਸ਼ ਹੋ ਗਈ ਅਤੇ ਵਾਹਿਗੁਰੂ ਹੀ ਵਾਹਿਗੁਰੂ ਰੋਮ ਰੋਮ ਅੰਦਰ, ਨਾੜ ਨਾੜ ਅੰਦਰ ਸਮਾ ਗਿਆ, ਉਸ ਜਨ ਤੋਂ ਫੇਰ ਮਨੁੱਖਾ ਦੇਹੀ ਅੰਦਰ ਕੋਈ ਪਾਪ ਕੁਕਰਮ ਸਰਜ਼ਦ ਨਹੀਂ ਹੁੰਦਾ - ਤਿਸ ਪਾਪਾਂ ਤੋਂ ਪਾਕ ਦੇਹੀ ਵਾਲੇ ਨਾਮ-ਜੋਤਿ। ਪ੍ਰਕਾਸ਼ੀ ਰੰਗਾਂ ਵਿਚ ਚਲਾਣਾ (ਪਰਲੋਕ ਪਿਆਨਾ) ਕਰਨ ਵਾਲੇ ਜਨ ਦੇ ਹੱਕ ਵਿਚ ਪਰਮ ਪੁਰਖ ਵਾਹਿਗੁਰੂ ਪਹਿਲਾਂ ਹੀ ਨਾਮ ਰੂਪੀ ਹੁੰਡੀ ਅਖੁਟ ਮਲਕੀਅਤ ਦਾ ਪਰਵਾਨਾ (ਪੱਟਾ) ਲਿਖ ਦਿੰਦਾ ਹੈ। ਜਿਸ ਦੀ ਸਰਚ ਲਾਈਟ (Search Light) ਨਾਲ ਜਦੋਂ ਧਰਮਰਾਇ ਦਾ ਦਫ਼ਤਰ ਸੋਧਿਆ ਪੜਤਾਲਿਆ ਜਾਂਦਾ ਹੈ ਤਾਂ ਰਾਈ ਭਰ ਭੀ ਬਾਕੀ ਦੇਣੀ ਨਹੀਂ ਨਿਕਲਦੀ। ਕਰਮਾਂ ਦਾ ਹਿਸਾਬ ਸਭ ਨਿਬੜਿਆ ਹੀ ਨਿਕਲਦਾ ਹੈ। ਦੇਖੋ ਧਰਮਰਾਇ ਸਬੰਧੀ ਅਗਲਾ ਗੁਰਵਾਕ ਕੈਸਾ ਸਪੱਸ਼ਟ ਹੈ। ਯਥਾ ਗੁਰਵਾਕ—

ਗੁਪਤ ਕਰਤਾ ਸੰਗਿ ਸੋ ਪ੍ਰਭੁ ਡਹਕਾਵਏ
ਮਨੁਖਾਇ ॥ ਬਿਸਾਰਿ ਹਰਿ ਜੀਉ ਬਿਖੈ
ਭੋਗਹਿ ਤਪਤ ਥੰਮ ਗਲਿ ਲਾਇ ॥੧॥
ਰੇ ਨਰ ਕਾਇ ਪਰ ਗ੍ਰਿਹਿ ਜਾਇ ॥ ਕੁਚਲ
ਕਠੋਰ ਕਾਮਿ ਗਰਧਭ ਤੁਮ ਨਹੀ ਸੁਨਿਓ
ਧਰਮਰਾਇ ॥੧॥ਰਹਾਉ॥ (੫॥੨॥੧੧)

[ਮਾਰੂ ਮ: ੫, ਪੰਨਾ ੧੦੦੧

ਭਾਵ—ਪਰਾਈ ਇਸਤ੍ਰੀ ਨਾਲ ਵਿਸ਼ੇ ਭੋਗ (ਬਿਭਚਾਰ) ਕਰਨ ਵਾਲਿਆਂ ਨੂੰ ਇਸ ਗੁਰਵਾਕ ਦੁਆਰਾ ਤਕੜੀ ਕੰਨ-ਖੋਲ੍ਹਵੀਂ ਚਪੇੜ ਲਾਈ ਗਈ ਹੈ ਤੇ ਉਪਦੇਸ਼ਿਆ ਗਿਆ ਹੈ: ਹੇ ਅਮੋੜ ਨਰ!



www.AKJ.Org

ਤੂੰ ਕਿਸ ਵਾਸਤੇ (ਕਾਹਨੂੰ) ਪਰ-ਗ੍ਰਿਹ ਜਾਂਦਾ ਹੈਂ ਅਤੇ ਪਰ-ਇਸਤ੍ਰੀ ਨਾਲ ਬਿਭਚਾਰ ਕਮਾਂਦਾ ਹੈਂ ? ਆਪਣੇ ਜਾਣੇ ਇਸ ਕਰਕੇ ਬੇਖ਼ੌਫ਼ ਹੋ ਕੇ ਇਹ ਵਿਸ਼ਾ (ਪਰ-ਗ੍ਰਿਹ ਜਾ ਕੇ ਪਰ-ਤ੍ਰਿਅ ਰਮਣ ਵਾਲਾ) ਭੋਗਦਾ ਹੈਂ ਕਿ ਕੋਈ ਦੇਖਦਾ ਥੋੜੋ ਹੈ। ਪਰ ਗੁਰੂ ਸਾਹਿਬ ਇਹ ਭਰਮ-ਭੁਲਾਵਾ ਦੂਰ ਕਰਦੇ ਹਨ ਇਉਂ ਉਚਾਰ ਕੇ ਕਿ ਤੂੰ ਚੋਰੀਓਂ ਬਿਭਚਾਰ ਪਰ-ਇਸਤ੍ਰੀ ਨਾਲ ਕਰ ਕੇ ਸਿਰਫ਼ ਮਨੁੱਖਾਂ, ਅਲਪਗ ਇਨਸਾਨਾਂ ਨੂੰ ਹੀ ਧੋਖਾ ਦੇ ਸਕਦਾ ਹੈਂ, ਅਲਪਗ ਇਨਸਾਨ ਤੋਂ ਹੀ ਇਸ ਪਾਪ ਦੀ ਚੋਰੀ ਰੱਖ ਸਕਦਾ ਹੈਂ। ਪਰ ਹੇ ਮੂੜ੍ਹ ! ਉਸ ਵਾਹਿਗੁਰੂ ਕਰਤੇ ਪੁਰਖ ਅੰਤਰਯਾਮੀ ਤੋਂ ਤੂੰ ਕਿਵੇਂ ਚੋਰੀ ਰੱਖ ਸਕੇਂਗਾ ? ਜੋ ਹਰ ਥਾਉਂ, ਅੰਦਰ ਬਾਹਰ, ਗੁਪਤ ਥਾਵਾਂ ਤੇ ਭੀ ਗੁਪਤੋ ਗੁਪਤ ਵਿਆਪ ਰਹਿਆ ਹੈ ਅਤੇ ਤੈਨੂੰ ਪਾਪ ਕਮਾਉਂਦੇ ਨੂੰ ਦੇਖਦਾ ਹੈ। ਚਾਹੇ ਤੈਨੂੰ ਉਹ ਗੁਪਤ ਅਤੇ ਸਰਬ ਵਿਆਪਕ ਵਾਹਿਗੁਰੂ ਦਿਸਦਾ ਨਹੀਂ, ਪਰ ਉਹ ਤਾਂ ਤੈਨੂੰ ਦੇਖਦਾ ਹੈ। ਐਸੇ ਹਾਜ਼ਰ-ਨਾਜ਼ਰ ਵਾਹਿਗੁਰੂ ਨੂੰ ਵਿਸਾਰ ਕੇ ਕਾਮ-ਚੇਸ਼ਟਾ ਦਾ ਗ੍ਰਸਿਆ ਹੋਇਆ ਪਰ-ਤ੍ਰਿਆ ਰਮਤ ਵਿਸ਼ੇ ਭੋਗਦਾ ਹੈਂ। ਪਰ ਤੈਨੂੰ ਇਹ ਪਤਾ ਨਹੀਂ ਕਿ ਅਗੇ ਜਾ ਕੇ ਤੇਰੇ ਨਾਲ ਕੀ ਬੀਤਣੀ ਹੈ ? ਸੋ ਗੁਰੂ ਸਾਹਿਬ ਦਸਦੇ ਹਨ ਕਿ ਅਗੇ ਜਾ ਕੇ ਤੱਤਿਆਂ ਅੰਗਿਆਰਾਂ ਵਾਂਗੂ ਭਖਦਿਆਂ ਥੰਮਾਂ ਨਾਲ ਤੇਰੇ ਜਫੇ ਪੁਆਏ ਜਾਣਗੇ। ਜਿਵੇਂ ਤੂੰ ਪਰਾਈਆਂ ਇਸਤ੍ਰੀਆਂ ਨੂੰ ਜੱਫੀਆਂ ਪਾ ਕੇ ਬਿਭਚਾਰ ਕਰ ਕੇ ਪਾਪ ਕਮਾਂਵਦਾ ਹੈਂ, ਤਿਵੇਂ ਹੀ (ਇਹਨਾਂ ਦੇ ਬਦਲੇ) ਤੈਨੂੰ ਸਜ਼ਾਵਾਂ ਇਹੋ ਜਿਹੀਆਂ ਹੀ ਅਗੇ ਜਾ ਕੇ ਭੁਗਤਣੀਆਂ ਪੈਣਗੀਆਂ, ਅਰਥਾਤ ਤੱਤਿਆਂ ਥੰਮਾਂ ਨਾਲ ਨਰੜ ਨਰੜ ਕੇ ਤੈਨੂੰ ਚਮੇੜਿਆ ਜਾਊ। ਇਉਂ ਮਤ ਖ਼ਿਆਲ ਕਰੀਂ ਕਿ ਤੇਰੇ ਗੁਹਜ ਪਾਪਾਂ ਨੂੰ ਕੋਈ ਦੇਖਣਹਾਰਾ ਨਹੀਂ। ਪਹਿਲਾਂ ਤਾਂ ਹਾਜ਼ਰਾ ਹਜ਼ੂਰ ਵਾਹਿਗੁਰੂ ਦੇਖਦਾ ਹੈ। ਗੁਪਤ ਤੋਂ ਗੁਪਤ ਥਾਉਂ ਵਿਖੇ ਦੇਖਣਹਾਰਾ ਹੈ। ਦੂਜੇ ਚਿਤਰ ਗੁਪਤ ਧਰਮਰਾਇ ਦੇ ਛਡੇ ਹੋਏ ਮੁਨਸ਼ੀ ਤੇਰੀ ਹਰੇਕ ਹਰਕਤ ਦੇ ਸ਼ਾਹਦੇ ਹਾਲ ਹਨ। ਉਹ ਤੇਰੇ ਕੀਤੇ ਕਰਮਾਂ ਦੀ ਉਗਾਹੀ ਦੇਣਗੇ। ਫੇਰ ਤੈਥੋਂ ਮੁਕਰਿਆ ਨਹੀਂ ਜਾਣਾ। ਹੇ ਕੁਚੀਲ ਕਾਮੀ ਪੁਰਸ਼ ! ਹੇ ਅਮੋੜ ਕਰਮਾਂਹੀਣ ਕਠੋਰ ਪੁਰਸ਼ ! ਹੇ ਗੱਧੇ ! ਤੈਂ ਕਦੇ ਧਰਮਰਾਇ ਸੁਣਿਆ ਨਹੀਂ ? ਜੇ ਨਹੀਂ ਸੁਣਿਆ ਤਾਂ ਅਸੀਂ ਤੈਨੂੰ ਸੁਣਾਉਂਦੇ ਹਾਂ ਕਿ ਧਰਮਰਾਇ ਜ਼ਰੂਰ ਹੈ ਅਤੇ ਪਾਪੀਆਂ ਦੇ ਕਰਮਾਂ ਦਾ ਹੱਥੋ-ਹੱਥ ਸਚੋ-ਸੱਚ ਨਿਬੇੜਾ ਕਰਨਹਾਰਾ, ਪਰਮਾਤਮਾ ਨੇ ਖ਼ੁਦ ਇਸ ਕੰਮ ਲਈ ਥਾਪਿਆ ਹੈ। ਉਹ ਕਾਮੀਆਂ ਵਿਸ਼ੇ-ਗਾਮੀਆਂ ਨੂੰ ਤੱਤਿਆਂ ਥੰਮਾਂ ਦੇ ਨਾਲ ਜਫੜੀਆਂ ਪੁਆ ਕੇ ਸਜ਼ਾਵਾਂ ਦੇਂਦਾ ਹੈ। ਤੈਨੂੰ ਅਗਲੀ ਗੱਲ ਦਾ ਪਤਾ ਇਉਂ ਕਰਾਉਂਦੇ ਹਾਂ ਕਿ ਅਵੱਸ਼ ਅਗੇ ਜਾ ਕੇ ਇਹ ਬਿਕਟ ਸਜ਼ਾਈਂ ਬਿਭਚਾਰ ਪਾਪ ਕਰਮਾਂ ਦੇ ਬਦਲੇ ਮਿਲਣਗੀਆਂ। ਤੈਨੂੰ ਦੱਸਦੇ ਹਾਂ ਕਿ 'ਕਾਇ ਪਰ ਗ੍ਰਿਹਿ ਜਾਇ' ? ਪਰਾਈ ਇਸਤ੍ਰੀ ਨਾਲ ਬਿਭਚਾਰ ਕਰਮ ਕਰਨੋਂ ਮੂਲੋਂ ਹੀ ਸੰਕੋਚ ਰਖ, ਤਾਂ ਬਚੇਂਗਾ ਇਹਨਾਂ ਅਗਲੀਆਂ ਅਵੱਸ਼ ਮਿਲਣ ਵਾਲੀਆਂ ਘੋਰ ਸਜ਼ਾਵਾਂ ਤੋਂ।

["ਅਣਡਿੱਠੀ ਦੁਨੀਆਂ" ਪੁਸਤਕ ਵਿਚੋਂ

# ਬਾਣੀ ਗੁਰੂ ਗੁਰੂ ਹੈ ਬਾਣੀ

ਗੁਰਬਾਣੀ, ਗੁਰ-ਉਪਦੇਸ਼ ਪਰਤੱਖ ਗੁਰੂ ਹੈ। ਗੁਰਬਾਣੀ ਦਾ ਨਿਰਾ ਅਰਥ-ਬੋਧ ਕੁਝ ਨਹੀਂ ਸਵਾਰਦਾ। "ਸੁਣਿਆ ਮੰਨਿਆ ਮਨਿ ਕੀਤਾ ਭਾਉ" ਦੇ ਹੁਕਮ ਅਨੁਸਾਰ ਸੁਣਿ, ਮੰਨਿ ਅਤੇ ਉਸ ਉਪਦੇਸ਼ ਦਾ ਭਾਉ ਮਨ ਵਿਚ ਵਸਾਉਣ ਤੇ ਅਮਲ ਕਰਨ ਨਾਲ ਹੀ ਜੀਵਨ ਪਲਟਦਾ ਹੈ।

ਗੁਰਬਾਣੀ ਦਾ ਭੈ-ਭਾਉ ਮਨ ਵਿਚ ਵਸਾਉਣ ਲਈ ਗੁਰੂ ਦੀ ਬਾਣੀ ਦਾ ਪੂਰਨ ਹਿਤੋਂ ਚਿਤੋਂ ਸਤਿਕਾਰ ਕਰਨਾ ਲਾਜ਼ਮੀ ਹੈ। ਇਸ ਤਰ੍ਹਾਂ ਭੈ-ਭਾਵਨੀ ਮਨ ਵਿਚ ਵਸਦੀ ਹੈ ਤੇ ਗੁਰਬਾਣੀ ਕੰਠ ਕਰਨ ਦਾ ਚਾਉ ਉਪਜਦਾ ਹੈ। ਕੰਠਾਗਰ ਬਾਣੀ ਵਧੇਰੇ ਰਜ ਉਪਜਾਉਂਦੀ ਹੈ ਤੇ ਸੁਰਤ ਜੋੜਨ ਵਿਚ ਸਹਾਈ ਹੁੰਦੀ ਹੈ। ਜੇ ਪੋਥੀ ਦੀ ਸਹਾਇਤਾ ਨਾਲ ਵੀ ਕੀਰਤਨ ਕਰਨਾ ਪਵੇ ਤਾਂ ਪੋਥੀ ਦੇ ਸਤਿਕਾਰ ਨੂੰ ਮੁਖ ਰੱਖਣਾ ਪਰਮ ਧਰਮ ਹੈ।



www.AKJ.Org

# ਕੇਸਾਂ ਦਾ ਰਖਣਾ ਕਿਉਂ ਜ਼ਰੂਰੀ ਹੈ ?

ਨਾਗਪੁਰ ਜੇਲ੍ਹ ਵਿਚ ਆਏ ਨਵੇਂ ਸੁਪ੍ਰੰਟੈਂਡੈਂਟ ਮਿ: ਗੁਪਤਾ ਨਾਲ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਵਿਚਾਰ, ਜੋ ਜੇਲ੍ਹ ਚਿੱਠੀਆਂ ਵਿਚ ਦਰਜ ਹੈ।

ਇਕ ਦਿਨ ਦਾ ਜ਼ਿਕਰ ਹੈ ਕਿ ਕੇਸਾਂ ਨੂੰ ਲਾਉਣ ਵਾਸਤੇ ਛੇਵਾਂ (ਤੇਲ) ਜੇਲ੍ਹਰ ਨੇ ਸਾਨੂੰ ਬੜਾ ਹੀ ਬਦਬੂਦਾਰ ਸਸਤ-ਮੁੱਲਾ ਜਿਹਾ ਖ਼ਰੀਦ ਕੇ ਲਿਆ ਦਿਤਾ। (ਚਾਰਜ ਬਹੁਮੁਲੇ ਦਾ ਹੀ ਕਰ ਲਿਆ)। ਮੈਂ ਸੁੰਘਣ ਸਾਰ ਹੀ ਲੈਣੋਂ ਇਨਕਾਰ ਕਰ ਦਿਤਾ ਅਤੇ ਆਖਿਆ ਕਿ ਚੰਗਾ ਲਿਆ ਕੇ ਦੇਵੋ, ਏਸ ਨੂੰ ਵਾਪਸ ਕਰ ਦੇਵੋ। ਮੈਂ ਖਾਰ ਸਾਬੂਣ ਮਿਲਾ ਕੇ ਕੇਸੀ ਇਸ਼ਨਾਨ ਕਰ ਚੁਕਾ ਸੀ। ਕੇਸ ਹਰੇ ਕਰ ਕੇ ਛੇਵਾਂ (ਤੇਲ) ਲਾ ਕੇ ਕੰਘਾ ਕਰਨਾ ਸੀ। ਕੰਘਾ ਕੀਤੇ ਬਿਨਾਂ ਪਰਸ਼ਾਦਾ ਨਹੀਂ ਛਕਣਾ ਸੀ। ਇਹ ਸਾਰੀਆਂ ਗੱਲਾਂ ਮੈਂ ਜਣਾਇ ਦਿਤੀਆਂ ਸਨ। ਗੋਲ ਅਫ਼ਸਰ, ਜੇਲ੍ਹਰ, ਸਾਰੇ ਸਿਵਾਏ ਨਵੇਂ ਸੁਪ੍ਰੰਟੈਂਡੈਂਟ ਦੇ ਇਸ ਭੇਦ ਦੇ ਜਾਣੂ ਸਨ।

ਸਵੇਰ ਦਾ ਕੇਸੀ ਇਸ਼ਨਾਨ ਕੀਤਾ ਹੋਇਆ ਦੁਪਹਿਰਾ ਹੋ ਗਿਆ, ਦੁਪਹਿਰ ਢਲ ਕੇ ਲੌਢਾ ਵੇਲਾ ਹੋ ਗਿਆ। ਕਿਸੇ ਨੇ ਛੇਵਾਂ (ਤੇਲ) ਮੰਗਾ ਕੇ ਦੇਣ ਦਾ ਗੁਮੇਹ ਹੀ ਨਾ ਕੀਤਾ। ਐਵੇਂ ਲਾਰੇ ਲਾਈ ਜਾਣ, ਲਿਆ ਕੇ ਕੋਈ ਨਾ ਦੇਵੇ। ਦੋਹਾਂ ਡੰਗਾਂ ਦੇ ਕੜਾਕੇ ਕਟਣੇ ਪਏ। ਦੂਜੇ ਦਿਨ ਐਤਵਾਰ ਸੀ। ਉਸ ਦਿਨ ਜੇਲ੍ਹਰ ਡਿਊਟੀ ਤੇ ਹੀ ਨਾ ਆਇਆ। ਸੁਪ੍ਰੰਟੈਂਡੈਂਟ ਤਾਂ ਐਤਵਾਰ ਨੂੰ ਅਕਸਰ ਉਂਞ ਹੀ ਨਹੀਂ ਆਇਆ ਕਰਦੇ। ਤੀਜੇ ਦਿਨ ਰੌਂਦ (ਗਸ਼ਤ) ਸੁਪ੍ਰੰਟੈਂਡੈਂਟ ਦੀ ਦੂਜੇ ਆਕਟੇਗਨ (ਗੋਲ) ਦੀ ਸੀ। ਉਸ ਦਿਨ ਉਹ ਉਧਰਲੀ ਹੀ ਪਰੇਟ ਲੈਣ ਵਿਚ ਰੁਝਾ ਰਿਹਾ; ਮੇਰੀ ਕਿਸੇ ਨੇ ਬਾਤ ਹੀ ਨਾ ਪੁਛੀ। ਇਸ ਛੇਵੇਂ (ਤੇਲ) ਵਾਲੇ ਮਾਮਲੇ ਨੂੰ ਮਾਮੂਲੀ ਜਿਹੀ ਗੱਲ ਸਮਝ ਕੇ ਕਿਸੇ ਨੇ ਭੀ ਨਵਾਂ ਅਤੇ ਚੰਗਾ ਛੇਵਾਂ ਨਾ ਮੰਗਵਾ ਕੇ ਦਿਤਾ। ਸੁਪ੍ਰੰਟੈਂਡੈਂਟ ਵਿਚਾਰੇ ਨੂੰ ਇਸ ਗੱਲ ਦਾ ਪਤਾ ਤਕ ਭੀ ਨਾ ਹੋਇਆ।

ਚੌਥੇ ਦਿਨ ਜਦ ਸੁਪ੍ਰੰਟੈਂਡੈਂਟ ਦੀ ਸਾਡੇ ਵਲ ਗਸ਼ਤ ਆਈ ਤਾਂ ਛੋਟੇ ਅਫ਼ਸਰਾਂ ਨੇ ਜੇਲ੍ਹਰ ਨਾਲ ਮਿਲ ਕੇ ਸਗੋਂ ਮੇਰੀ ਪੇਸ਼ੀ ਕਰ ਦਿਤੀ ਕਿ ਮੈਂ ਚਹੁੰ ਦਿਨਾਂ ਤੋਂ ਭੁੱਖ-ਹੜਤਾਲ ਦਾ ਮੋਰਚਾ ਲਾਇਆ ਹੋਇਆ ਹੈ। ਵਿਚਾਰਾ ਸੁਪ੍ਰੰਟੈਂਡੈਂਟ ਸਣੇ ਆਪਣੇ ਅਮਲੇ ਦੇ ਮੇਰੇ ਪਾਸ ਆਇਆ ਅਤੇ ਆਉਂਦਿਆਂ ਹੀ ਉਹ ਇਸ ਬਿਧ ਮੈਨੂੰ ਆਖਣ ਲਗਾ :—

ਸੁਪ੍ਰੰਟੈਂਡੈਂਟ—ਰਣਧੀਰ ਸਿੰਘ, ਜਦੋਂ ਦਾ ਮੈਂ ਇਸ ਜੇਲ੍ਹ ਵਿਚ ਆਇਆ ਹਾਂ, ਇਹ ਪਹਿਲਾ ਮੌਕਾ ਹੈ ਕਿ ਮੇਰੇ ਵਕਤ ਵਿਚ ਭੁੱਖ ਹੜਤਾਲ ਕਰ ਕੇ ਮੈਨੂੰ ਪ੍ਰੇਸ਼ਾਨ ਕੀਤਾ ਗਿਆ ਹੈ। ਐਨੇ ਡੰਗ ਰੋਟੀ ਕਿਉਂ ਨਹੀਂ ਖਾਧੀ ਅਤੇ ਮੇਰੇ ਉਤੇ ਸੰਤਾਪ ਕਿਉਂ ਚਾੜ੍ਹਿਆ ?

ਮੈਂ—ਜਨਾਬ ! ਮੈਂ ਸੰਤਾਪ ਕਿਸੇ ਉਤੇ ਕੁਛ ਨਹੀਂ ਚਾੜ੍ਹਿਆ ਅਤੇ ਨਾ ਹੀ ਮੈਂ ਜਾਣ ਬੁਝ ਕੇ ਆਪ ਨੂੰ ਪ੍ਰੇਸ਼ਾਨ ਕਰਨ ਲਈ ਭੁੱਖ ਹੜਤਾਲ ਕੀਤੀ ਹੈ। ਇਹ ਤਾਂ ਸੁਤੇ ਸੁਭਾਵ ਹੀ ਐਸਾ ਹੋ ਗਿਆ ਹੈ। ਮੈਂ ਚੌਥੇ ਕੇਸੀ ਇਸ਼ਨਾਨ ਖਾਰ ਸਾਬਣ ਨਾਲ ਕੀਤਾ ਸੀ, ਪਰ ਮੈਨੂੰ ਛੇਵਾਂ (ਤੇਲ) ਕੇਸਾਂ ਨੂੰ ਲਾਉਣ ਲਈ ਨਹੀਂ ਮਿਲਿਆ। ਜੇ ਮੈਨੂੰ ਪਹਿਲਾਂ ਪਤਾ ਹੁੰਦਾ ਕਿ ਤੇਲ ਨਹੀਂ ਮਿਲਣਾ ਤਾ ਮੈਂ ਖਾਰ ਨਾਲ ਕੇਸੀ ਇਸ਼ਨਾਨ ਹੀ ਨਾ ਕਰਦਾ। ਖਾਰ ਨਾਲ ਕੇਸੀ ਇਸ਼ਨਾਨ ਕਰਨ ਕਰਕੇ, ਕੇਸ ਖ਼ੁਸ਼ਕ ਅਤੇ ਰੁਖੇ ਹੋ ਜਾਂਦੇ ਹਨ ਅਤੇ ਉਲਝ ਭੀ ਜਾਂਦੇ ਹਨ। ਜਿੰਨਾ ਚਿਰ ਤੇਲ ਨ ਲਾਈਏ, ਕੰਘਾ ਨਹੀਂ ਕਰ ਸਕੀਦਾ। ਤੇਲ ਲਾ ਕੇ ਹੀ ਕੇਸ ਕੰਘੇ ਨਾਲ ਵਾਹੇ ਜਾ ਸਕਦੇ ਹਨ, ਐਵੇਂ ਨਹੀਂ ਵਾਹੇ ਜਾ ਸਕਦੇ। ਛੇਵਾਂ (ਤੇਲ) ਲਾਉਣ ਨਾਲ ਕੇਸਾਂ ਨੂੰ ਤਰਾਵਤ ਆ ਜਾਂਦੀ ਹੈ। ਤਰਾਵਤ ਆਏ ਕੇਸਾਂ ਨੂੰ ਕੰਘੇ ਨਾਲ ਵਾਹੁਣ ਨਾਲ,



www.AKJ.Org

ਕੇਸ ਐਵੇਂ ਅਜਾਈਂ ਟੁਟ ਕੇ ਭੁਰਦੇ ਨਹੀਂ। ਅਸਾਂ (ਸਿਖਾਂ) ਨੂੰ ਕੰਘਾ ਰੋਜ਼ ਦੋਨੋਂ ਵਕਤ ਕਰਨ ਦਾ ਤਾਕੀਦੀ ਹੁਕਮ (strict religious order) ਹੈ ਅਤੇ ਬਿਨਾਂ ਕੰਘਾ ਕੀਤੇ ਪਰਸ਼ਾਦਾ ਛਕਣ ਦੀ ਭੀ ਸਖ਼ਤ ਮੁਮਾਨਿਅਤ ਹੈ। ਸੋ ਮੈਂ ਤਾਂ ਧਾਰਮਿਕ ਹੁਕਮ ਦੀ ਤਾਮੀਲ ਕਰਦੇ ਹੋਇਆਂ ਹੀ ਪਰਸ਼ਾਦਾ ਨਹੀਂ ਛਕਿਆ। ਕੋਈ ਪ੍ਰੋਟੈਸਟ ਵਜੋਂ ਆਪ ਦੇ ਹੁਕਮਾਂ ਤੋਂ ਆਕੀ ਹੋ ਕੇ ਐਸਾ ਨਹੀਂ ਕੀਤਾ।

ਇਹ ਸੁਣ ਕੇ ਉਹ ਨੇਕ-ਨਿਹਾਦ ਸੁਪ੍ਰੰਟੈਂਡੈਂਟ ਆਪਣੇ ਸਾਰੇ ਅਮਲੇ ਨਾਲ ਬੜਾ ਹੀ ਨਰਾਜ਼ ਹੋਇਆ ਕਿ ਉਸ ਨੂੰ ਕਿਉਂ ਨਾ ਇਤਲਾਹ ਛੇਤੀ ਦਿਤੀ ਗਈ। ਅਤੇ ਹੁਕਮ ਦਿਤਾ ਕਿ ਫ਼ੌਰਨ ਅਛੀ ਕਿਸਮ ਦਾ ਤੇਲ ਮੰਗਵਾ ਕੇ ਦਿਤਾ ਜਾਵੇ। ਸੋ ਤੇਲ ਅੱਧੇ ਘੰਟੇ ਦੇ ਅੰਦਰ ਅੰਦਰ ਹੀ ਆ ਗਿਆ। ਸੁਪ੍ਰੰਟੈਂਡੈ ਟ ਖ਼ੁਦ ਆਪਣੇ ਹੱਥੀਂ ਲੈ ਕੇ ਆਇਆ। ਬੜੀ ਹੀ ਆਜਜ਼ੀ ਨਾਲ ਤੇਲ ਦੀ ਸ਼ੀਸ਼ੀ ਦੇ ਕੇ ਇਉਂ ਆਖਣ ਲਗਾ :—

"ਮੁਆਫ਼ ਕਰਨਾ! ਆਪ ਨੂੰ ਨਾ-ਹੱਕ ਏਨੀ ਤਕਲੀਫ ਹੋਈ ਹੈ। ਇਹ ਭੀ ਮੇਰੀ ਗ਼ੈਰਹਾਜ਼ਰੀ ਦੇ ਕਾਰਨ ਹੋਈ ਹੈ। ਸਾਨੂੰ ਆਪ ਦੇ ਧਾਰਮਿਕ ਜਜ਼ਬਾਤ (Religious sentiments) ਦਾ ਬੜਾ ਹੀ ਅਹਿਸਾਸ ਹੋਣਾ ਚਾਹੀਦਾ ਹੈ; ਪਰ ਅਫ਼ਸੋਸ ਹੈ ਕਿ ਐਤਕੀਂ ਇਹ ਉਲੰਘਣਾ ਹੋ ਗਈ ਹੈ। ਮੇਰੇ ਵਕਤ ਵਿਚ ਫੇਰ ਅਜਿਹਾ ਨਹੀਂ ਹੋਵੇਗਾ।"

ਮੈਂ—ਆਪ ਦਾ ਬੜਾ ਧੰਨਵਾਦ ਹੈ। ਅਸਲ ਗੱਲ ਇਹ ਹੈ ਕਿ ਕੀ ਜੇਲ੍ਹ ਵਿਚ ਕੀ ਬਾਹਰ, ਸਾਰੇ ਸਰਕਾਰੀ ਮਹਿਕਮਿਆਂ ਅੰਦਰ ਫ਼ਰਜ਼-ਸ਼ਿਨਾਸੀ ਅਤੇ ਈਮਾਨਦਾਰੀ ਉਡ ਗਈ ਹੈ। ਆਮ ਸਰਕਾਰੀ ਕਰਮਚਾਰੀ ਸੁਆਰਥ-ਪਸੰਦੀ ਅਤੇ ਮੁਨਾਫਾ-ਪ੍ਰਸਤੀ ਨੂੰ ਹੀ ਮੁਖ ਰਖਦੇ ਹਨ। ਜੇਲ੍ਹ ਦਾ ਸਟੋਰ ਮੁਹੱਈਆ ਕਰਨ ਵਾਲੇ ਸਸਤੀ ਤੋਂ ਸਸਤੀ ਚੀਜ਼ ਲਿਆਉਂਦੇ ਹਨ ਅਤੇ ਮਹਿੰਗੇ ਤੋਂ ਮਹਿੰਗਾ ਮੁੱਲ ਸਰਕਾਰੀ ਡੀਪਾਰਟਮੈਂਟ ਤੋਂ ਵਸੂਲ ਕਰਦੇ ਹਨ। ਖ਼ਾਸ ਕਰਕੇ ਜੇਲ੍ਹ ਵਾਲਿਆਂ ਵਿਚ ਤਾਂ ਕੋਈ ਪੁਛਦਾ ਹੀ ਨਾ ਹੋਇਆ। ਗਰੀਬ ਕੈਦੀਆਂ ਨੇ ਤਾਂ ਕੋਈ ਸ਼ਕਾਇਤ ਹੀ ਨਾ ਕਰਨੀ ਹੋਈ, ਜੇ ਕਰਨ ਭੀ ਤਾਂ ਸੁਣਦਾ ਕੋਈ ਨਹੀਂ। ਸਾਨੂੰ ਜੇਲ੍ਹਾਂ ਵਿਚ ਰਹਿ ਰਹਿ ਕੇ ਬੜੇ ਤਲਖ਼ ਤਜਰਬੇ ਹੋ ਚੁਕੇ ਹਨ। ਥੋੜੀਆਂ ਥੋੜੀਆਂ ਗੱਲਾਂ ਵਿਚ ਹੀ ਕਿਰਸਾਂ ਕਢਦੇ ਹਨ। ਇਸ ਜੇਲ੍ਹ ਵਿਚ ਸਿਰਫ਼ ਅਠ ਸਿਖ ਕੈਦੀ ਹੀ ਸਾਰੇ ਪੁਲੀਟੀਕਲ ਅਤੇ ਇਖ਼ਲਾਕੀ ਰਲ ਮਿਲ ਕੇ ਮਸਾਂ ਹੀ ਹੋਣਗੇ। ਉਨ੍ਹਾਂ ਵਾਸਤੇ ਮਹੀਨੇ ਵਿਚ ਮਸਾਂ ਇਕ ਬੋਤਲ ਨਾਰੀਅਲ ਦੇ ਤੇਲ ਦੀ ਖ਼ਰਚ ਹੁੰਦੀ ਹੋਵੇਗੀ, ਪਰ ਇਹ ਲੋਗ ਇਸ ਵਿਚ ਵੀ ਆਪਣੀ ਕਿਰਸ ਕਢਦੇ ਹਨ ਅਤੇ ਰੱਦੀ ਤੋਂ ਰੱਦੀ ਤੇਲ ਲਿਆਉਂਦੇ ਹਨ ਅਤੇ ਵਧੀਆ ਤੋਂ ਵਧੀਆ ਤੇਲ ਦਾ ਮੁੱਲ ਲਾਉਂਦੇ ਹਨ। ਇਉਂ ਤੁਹਾਡੀ ਸਰਕਾਰ ਨੂੰ ਲੁਟਦੇ ਹਨ ਅਤੇ ਵਿਚਾਰੇ ਕੈਦੀਆਂ ਦਾ ਗਲਾ ਘੁਟਦੇ ਹਨ।

ਸੁਪ੍ਰੰਟੈਂਡੈਂਟ ਸਾਰੀਆਂ ਗੱਲਾਂ ਸੁਣੀ ਜਾਂਦਾ ਸੀ ਅਤੇ ਜੇਲ੍ਹ-ਕਰਮਚਾਰੀਆਂ ਦੀਆਂ ਸਾਰੀਆਂ ਖ਼ੁਨਾਮੀਆਂ ਨੂੰ ਭੀ ਤਸਲੀਮ ਕਰੀ ਜਾਂਦਾ ਸੀ। ਸਾਥ ਸਾਥ ਹੀ ਇਨ੍ਹਾਂ ਖ਼ਾਮੀਆਂ ਨੂੰ ਦੂਰ ਕਰਨ ਦੇ ਪਰਯਤਨ ਵਿਚ ਅਗੇ ਨੂੰ ਲਗਣ ਦਾ ਭਰੋਸਾ ਭੀ ਉਸ ਨੇ ਦਿਵਾਇਆ। ਪਰ ਇਹ ਗੱਲਾਂ ਸੁਣਦੇ ਕਰਦੇ ਹੀ ਉਸ ਨੇ ਯਕ-ਲਖ਼ਤ ਸਵਾਲ ਹੋਰ ਛੇੜ ਦਿਤਾ ਤੇ ਪ੍ਰਸ਼ਨ ਕੀਤਾ :—

## ਕੀ ਕੇਸਾਂ ਦਾ ਸਿਰ ਤੇ ਰੱਖਣਾ ਜ਼ਰੂਰੀ ਹੈ ?

ਮੈਂ—ਕੀ ਸਿਰ ਦਾ ਸਰੀਰ ਉਤੇ ਰਖਣਾ ਜ਼ਰੂਰੀ ਹੈ ?

ਸੁਪ੍ਰੰਟੈਂਡੈਂਟ—ਸਰੀਰ ਤਾਂ ਸਿਰ ਬਿਨਾਂ ਜੀਉਂਦਾ ਨਹੀਂ ਰਹਿ ਸਕਦਾ।

ਮੈਂ—ਜੇ ਜੀਉਂਦਾ ਰਹਿ ਸਕੇ, ਅਰਥਾਤ ਜੇ ਸਰੀਰ ਬਿਨਾਂ ਸਿਰ ਦੇ ਜੀਉਂਦਾ ਰਹਿ ਸਕੇ ਤਾਂ ਕੀ ਤੁਸੀਂ ਸਿਰ ਨੂੰ ਸਰੀਰ ਤੋਂ ਲਾਹ ਛਡੋ ? ਅਰਥਾਤ ਸੀਸ ਨੂੰ ਸਰੀਰ ਤੇ ਨਾ ਰਖੋ।

ਸੁਪ੍ਰੰ:—ਸੀਸ ਤਾਂ ਸਰੀਰ ਦਾ ਹਿੱਸਾ ਹੈ ਅਤੇ ਸਭ ਤੋਂ ਸਰੇਸ਼ਟ ਹਿੱਸਾ ਹੈ। ਸੀਸ ਨਾਲ ਮਿਲ ਕੇ ਹੀ ਸਾਰਾ ਸਰੀਰ ਬਣਦਾ ਹੈ। ਸੀਸ ਨਾ ਹੋਵੇ ਤਾਂ



www.AKJ.Org

ਸਰੀਰ ਰਹਿੰਦਾ ਹੀ ਨਹੀਂ।

ਮੈਂ—ਕੀ ਇਸ ਸੀਸ ਨੂੰ ਸਰੀਰ ਉਤੇ ਤੁਸੀਂ ਆਪ ਰਖਿਆ ਹੋਇਆ ਹੈ ?

ਸੁਪ੍ਰੰ:—ਨਹੀਂ, ਈਸ਼ਵਰ ਨੇ ਰਖਿਆ ਹੋਇਆ ਹੈ।

ਮੈਂ—ਈਸ਼ਵਰ ਨੇ ਏਸ ਸੀਸ ਨੂੰ ਤੁਹਾਡੇ ਸਰੀਰ ਤੇ ਰਖਿਆ ਹੋਇਆ ਹੈ, ਜੇ ਆਪ ਤੁਹਾਡਾ ਰਖਿਆ ਹੋਇਆ ਹੋਵੇ ਤਾਂ ਸ਼ਾਇਦ ਤੁਸੀਂ ਇਸ ਨੂੰ ਲਾਹ ਭੀ ਸੁਟੋ ਅਤੇ ਇਸ ਭਾਰ ਨੂੰ ਭੀ ਨਾ ਹੀ ਰਖੋ।

ਸੁਪ੍ਰੰ:—ਹਾਂ ਜੀ, ਈਸ਼ਵਰ ਦੀ ਰਖੀ ਹੋਈ ਚੀਜ਼ ਨੂੰ ਅਸੀਂ ਕਿਵੇਂ ਲਾਹ ਸਕਦੇ ਹਾਂ ?

ਮੈਂ—ਜੇ ਭਲਾ ਤੁਹਾਡਾ ਜਾਂ ਕਿਸੇ ਦਾ ਇਹ ਈਸ਼ਵਰੀ ਰਖਿਆ ਸੀਸ ਸਰੀਰ ਤੋਂ ਕੋਈ ਲਾਹ ਦੇਵੇ ਤਾਂ ਤੁਸੀਂ ਉਸ ਨੂੰ ਕੀ ਆਖੋ ?

ਸੁਪ੍ਰੰ:—ਜ਼ਾਲਮ, ਅੱਤਿਆਚਾਰੀ, ਕਾਤਲ, ਖ਼ੂਨੀ।

ਮੈਂ—ਜੇ ਕੋਈ ਹੋਰ ਤੁਸਾਂ ਨੂੰ ਇਹ ਸਵਾਲ ਕਰੇ ਕਿ ਤੁਸੀਂ ਸੀਸ ਨੂੰ ਕਿਉਂ ਰਖਿਆ ਹੈ ?

ਸੁਪ੍ਰੰ:—ਇਹ ਉਸ ਸਵਾਲ ਕਰਨਹਾਰੇ ਦੀ ਬੇਵਕੂਫ਼ੀ ਹੋਵੇਗੀ।

ਮੈਂ—ਜਿਸ ਤਰ੍ਹਾਂ ਸਾਡਾ ਸੀਸ ਈਸ਼ਵਰ ਨੇ ਸਰੀਰ ਪਰ ਆਪ ਰਖਿਆ ਹੋਇਆ ਹੈ, ਉਸੇ ਤਰ੍ਹਾਂ ਸਾਡੇ ਤੁਹਾਡੇ ਸੀਸ ਉਪਰ ਕੇਸ ਸਾਡੇ ਜਾਂ ਤੁਹਾਡੇ ਆਪ ਰਖੇ (ਪੈਦਾ ਕੀਤੇ) ਹੋਏ ਨਹੀਂ। ਇਹ ਭੀ ਈਸ਼ਵਰ ਦੇ ਹੀ ਰਖੇ ਹੋਏ ਹਨ। ਤਾਂ ਤੇ ਆਪ ਦਾ, ਦਾਸ ਨੂੰ ਇਹ ਸਵਾਲ ਕਰਨਾ ਕਿ "ਕੀ ਕੇਸਾਂ ਦਾ ਸਿਰ ਤੇ ਰਖਣਾ ਜ਼ਰੂਰੀ ਹੈ ?" ਬਣਦਾ ਹੀ ਨਹੀਂ। ਕਿਉਂਕਿ ਮੈਂ ਤਾਂ ਇਹ ਆਪ ਰਖੇ ਹੀ ਨਹੀਂ ਹੋਏ। ਈਸ਼ਵਰ (ਅਕਾਲ ਪੁਰਖ) ਦੇ ਪੈਦਾ ਕੀਤੇ ਹੋਏ ਅਤੇ ਰਖੇ ਹੋਏ ਹਨ। ਜਿਸ ਪਰਕਾਰ ਸਰੀਰ ਉਤੇ ਸੀਸ ਈਸ਼ਵਰ ਦਾ ਰਖਿਆ ਹੋਇਆ ਹੈ, ਏਸ ਪਰਕਾਰ ਸੀਸ ਉਤੇ ਕੇਸ ਭੀ ਉਸੇ ਈਸ਼ਵਰ ਦੇ ਰਖੇ ਹੋਏ ਹਨ। ਈਸ਼ਵਰ ਦੇ ਰਖੇ ਹੋਏ ਸੀਸ ਦੀ ਰਖਿਆ ਪਾਲਨਾ ਕਰਨੀ ਜਿਸ ਪਰਕਾਰ ਸਾਡਾ ਮੁਖ ਫਰਜ਼ ਹੈ, ਏਸ ਪਰਕਾਰ ਈਸ਼ਵਰ ਦੇ ਰਖੇ ਹੋਏ ਕੇਸਾਂ ਦੀ ਰਖਿਆ ਪਾਲਨਾ ਕਰਨੀ ਭੀ ਕੁਦਰਤਨ ਸਾਡਾ ਹਰੇਕ ਪ੍ਰਾਣੀ ਦਾ ਪਰਮ ਧਰਮ ਹੈ। ਸੀਸ ਨੂੰ ਸਰੀਰ ਤੇ ਨਾ ਰਖਣ ਵਾਲੇ ਨੂੰ, ਅਰਥਾਤ ਈਸ਼ਵਰ ਦੀ ਦਾਤ ਸੀਸ ਨੂੰ ਸਰੀਰ ਤੋਂ ਲਾਹ ਦੇਣ ਵਾਲੇ ਨੂੰ ਤਾਂ ਤੁਸੀਂ ਜ਼ਾਲਮ ਅਤਿਆਚਾਰੀ ਕਾਤਲ ਅਤੇ ਖ਼ੂਨੀ ਦਸਦੇ ਹੋ, ਕੀ ਸੀਸ ਦੇ ਉਪਰ ਈਸ਼ਵਰ ਦੀ ਦਿਤੀ ਅਤੇ ਰਖੀ ਹੋਈ ਦਾਤ ਨੂੰ ਲਾਹ ਦੇਣ ਵਾਲੇ, ਕਤਲ ਕਰ ਦੇਣ ਵਾਲੇ, ਕਟ ਦੇਣ ਵਾਲੇ ਯਾ ਘਰੜ ਮੁਨਾ ਦੇਣ ਵਾਲੇ ਭੀ ਜ਼ਾਲਮ ਅਤਿਆਚਾਰੀ ਅਤੇ ਕਾਤਲ ਨਹੀਂ ? ਈਸ਼ਵਰ ਦੀ ਦਿਤੀ ਹੋਈ ਅਮਾਨਤ ਭੰਨਣ ਤੋੜਨ ਅਤੇ ਬਿਨਾਸਨਹਾਰੇ ਬੇ-ਈਮਾਨ, ਜਾਬਰ ਅਤੇ ਕਾਤਲ ਨਹੀਂ ? ਮੇਰੇ ਖ਼ਿਆਲ ਵਿਚ ਤਾਂ ਖ਼ੂਨੀ ਹੀ ਹਨ।

ਸੁਪ੍ਰੰ:—ਨਹੀਂ, ਖ਼ੂਨੀ ਤਾਂ ਨਹੀਂ ਕਹਿ ਸਕਦੇ, ਹੋਰ ਭਾਵੇਂ ਕੁਛ ਕਹਿ ਲਵੋ।

ਮੈਂ—ਕਿਉਂ ? ਖ਼ੂਨੀ ਕਿਉਂ ਨਹੀਂ ਕਹਿ ਸਕਦੇ ?

ਸੁਪ੍ਰੰ:—ਕੇਸਾਂ ਦੇ ਕਟਾਇਆਂ ਖ਼ੂਨ ਤਾਂ ਨਹੀਂ ਨਿਕਲਦਾ।

ਮੈਂ—ਤਾਂ ਤੁਹਾਡੇ ਖ਼ਿਆਲ ਵਿਚ ਜੇ ਖ਼ੂਨ ਨਿਕਲੇ ਤਾਂ ਹੀ ਖ਼ੂਨ ਕੀਤਾ ਪਰਵਾਨ ਹੈ। ਭਲਾ ਜੇ ਕੋਈ ਕਿਸੇ ਨੂੰ ਗਲਾ ਘੁਟ ਕੇ ਮਾਰ ਦੇਵੇ ਤਾਂ ਕੀ ਉਹ ਖ਼ੂਨੀ ਨਹੀਂ ? ਤੁਹਾਡੇ ਪਹਿਲੇ ਕਹੇ ਅਨੁਸਾਰ ਤਾਂ ਉਹ ਖ਼ੂਨੀ ਨਹੀਂ ਕਹਾਵੇਗਾ, ਕਿਉਂਕਿ ਗਲ ਘੁਟ ਕੇ ਮਾਰਨ ਨਾਲ ਖ਼ੂਨ ਭੀ ਨਹੀਂ ਨਿਕਲਦਾ ਤੇ ਮੌਤ ਭੀ ਹੋ ਜਾਂਦੀ ਹੈ। ਲਫ਼ਜ਼ੀ ਬਹਿਸ ਵਿਚ ਪੈਣਾ ਫ਼ਜ਼ੂਲ ਹੈ, ਪਰ ਇਹ ਗੱਲ ਤੁਸੀਂ ਸਾਫ਼ ਮੰਨੋਗੇ ਕਿ ਅੱਜ ਕਲ੍ਹ ਦੇ ਮਾਰਨ ਦੇ ਨਵੀਨ ਤਰੀਕੇ ਅਤੇ ਪਿਛਲੇ ਭੀ ਕਈ ਤਰੀਕੇ ਐਸੇ ਹਨ ਕਿ ਪ੍ਰਾਣੀ ਦੇ ਪ੍ਰਾਣ ਹਤ ਕਰਦਿਆਂ ਖ਼ੂਨ ਦਾ ਇਕ ਤੁਬਕਾ ਭੀ ਨਹੀਂ ਡੁਲ੍ਹਦਾ। ਜੇ ਖ਼ੂਨੀ ਐਸੇ ਤਰੀਕੇ ਨਾਲ ਪ੍ਰਾਣ ਹਤ ਕਰਨ ਤਾਂ ਕੀ ਅਜਿਹੇ ਖ਼ੂਨੀ ਕਾਤਲ ਨਹੀਂ ? ਜਾਬਰ ਨਹੀਂ ? ਅਤਿਆਚਾਰੀ, ਜ਼ਾਲਮ ਨਹੀਂ ਤਾਂ ਤੁਸੀਂ ਹੋਰ ਕੀ ਆਖੋਗੇ ?



www.AKJ.Org

ਸੁਪ੍ਰੰ:—ਪਰ ਜੀ ! ਮੁਆਫ ਕਰਨਾ, ਕਟਿਆ ਹੋਇਆ ਸੀਸ ਤਾਂ ਮੁੜ ਕੇ ਫੇਰ ਨਹੀਂ ਜੁੜਦਾ, ਨਾ ਹੀ ਸੁਰਜੀਤ ਹੁੰਦਾ ਹੈ, ਮਾਰਿਆ ਹੋਇਆ ਫੇਰ ਜੀਉਂਦਾ ਨਹੀਂ ਹੋ ਸਕਦਾ; ਪਰ ਕਟੇ ਹੋਏ ਕੇਸ ਤਾਂ ਫੇਰ ਹਰੇ ਹੋ ਜਾਂਦੇ ਹਨ। ਏਸ ਕਰਕੇ ਸੀਸ ਕਟਣ ਅਤੇ ਕੇਸ ਕਟਣ ਵਿਚ ਬਹੁਤ ਫ਼ਰਕ ਹੈ; ਜੈਸਾ ਕਿ ਕੇਸ ਕਟਣ ਅਤੇ ਸੀਸ ਕਟਣ ਦੇ ਜੁਰਮ ਵਿਚ ਵੀ ਬੜਾ ਫ਼ਰਕ ਹੈ।

ਮੈਂ—ਕੀ ਤੁਸੀਂ ਆਵਾ ਗਵਨ ਦੇ ਮਸਲੇ ਨੂੰ ਮੰਨਦੇ ਹੋ ?

ਸੁਪ੍ਰੰ:—ਹਾਂ, ਮੈਂ ਮੰਨਦਾ ਹਾਂ।

ਮੈਂ—ਤੁਹਾਡਾ, ਸੀਸ ਦੇ ਕਟਿਆਂ ਭੀ ਮਰਦਾ ਕੁਛ ਨਹੀਂ। ਆਤਮਾ ਤਾਂ ਮੁੜ ਮੁੜ ਫੇਰ ਜਨਮ ਲੈ ਲੈਂਦਾ ਹੈ, ਤਾਂ ਤੇ ਜਿਹੜੇ ਜਾਨਾਂ ਨੂੰ ਮਾਰਦੇ ਹਨ ਉਹ ਮਾਰਦੇ ਕੁਛ ਨਹੀਂ, ਕੇਵਲ ਜੀਵਾਂ ਦੀ ਚੁਰਾਸੀ ਕਟਦੇ ਹਨ, ਆਵਾਗਵਨ ਦੇ ਸਿਲਸਿਲੇ ਨੂੰ ਛੇਤੀ ਹੀ ਮੁਕਾਉਂਦੇ ਹਨ ਅਤੇ ਉਪਕਾਰ ਕਰਦੇ ਹਨ; ਪਰ ਮੁਕਦਾ ਫੇਰ ਭੀ ਨਹੀਂ। ਓਹਨਾਂ ਤਾਂ ਮਾਰਿਆਂ ਨਹੀਂ ਮਰਨਾ, ਫੇਰ ਫੇਰ ਜੂਨ ਸ਼ਗੂਫੇ ਉਗਵਦੇ ਹਨ। ਜੀਵ ਨੂੰ ਮਾਰਨਹਾਰੇ ਦਾ ਯਤਨ ਬਿਰਥਾ ਹੈ, ਉਪਕਾਰ ਕੋਈ ਨਹੀਂ, ਨਾ ਹੀ ਕੋਈ ਗੁਣ ਹੈ। ਏਸੇ ਤਰ੍ਹਾਂ ਮੁੜ ਮੁੜ ਕੇ ਕੇਸ ਕਟਣਹਾਰਿਆ ਦਾ ਗੁਣ ਉਪਕਾਰ ਕੁਛ ਨਹੀਂ। ਕਟੇ ਹੋਏ ਕੇਸ ਮੁੜ ਮੁੜ ਕੇ ਫੇਰ ਉਗਵਦੇ ਹਨ, ਜਿਵੇਂ ਪ੍ਰਾਣ ਹਤ ਕੀਤਾ ਹੋਇਆ ਪ੍ਰਾਣੀ ਮੁੜ ਮੁੜ ਕੇ ਫੇਰ ਜਨਮ ਲੈਂਦਾ ਹੈ। ਹਾਂ, ਏਤਨਾ ਫ਼ਰਕ ਜ਼ਰੂਰ ਹੈ ਕਿ ਜੀਵ-ਆਤਮਾ ਕਦੇ ਕਿਸੇ ਜੂਨ ਵਿਚ ਕਦੇ ਕਿਸੇ ਜੂਨ ਵਿਚ ਮੁੜ ਮੁੜ ਜਨਮ ਲੈਂਦਾ ਹੈ, ਪਰ ਜੀਵ-ਹਤਿਆ ਕਰਨਹਾਰੇ ਨੂੰ ਦੀਹਦਾ ਨਹੀਂ। ਕਟ ਹੋਏ ਕੇਸ ਮੁੜ ਮੁੜ ਕੇ ਓਵੇਂ ਸੀਸ ਉਤੇ ਉਗਵਦੇ ਹਨ ਅਤੇ ਉਗਵਦੇ ਹੀ ਰਹਿੰਦੇ ਹਨ। ਕਟਣ ਕਟਾਉਣਹਾਰਾ ਮੂਰਖ ਹੋ ਕੇ ਕੇਸਾਂ ਨੂੰ ਕਟਦਾ ਹੈ ਅਤੇ ਨਿਤ ਨਵੇਂ ਦਿਨ ਉਸ ਦੇ ਮੂੰਹ ਉਤੇ ਚਪੇੜ ਲਗਦੀ ਹੈ, ਕਟੇ ਹੋਏ ਕੇਸ ਫੇਰ ਉਗਵ ਖਲੋਂਦੇ ਹਨ। ਦੋਹਾਂ ਦਾ ਯਤਨ ਬਿਰਥਾ ਅਤੇ ਨਿਰੀ ਮੂਰਖਤਾ ਵਾਲਾ ਸਿਧ ਹੁੰਦਾ ਹੈ। ਜਿਸ ਪ੍ਰਕਾਰ ਜੀਵ-ਆਤਮਾ ਦੀ ਜੀਵਨ-ਕਲਾ-ਅੰਸ ਪਰਮਾਤਮਾ ਦੀ ਜਗ-ਜਾਵਨ ਸ਼ਕਤ ਕਲਾ ਅੰਦਰ ਮੌਜੂਦ ਹੈ ਏਸੇ ਪਰਕਾਰ ਕੇਸਾਂ ਦੀ ਜੀਵਨ-ਕਲਾ-ਅੰਸ ਜੀਉਂਦੀ ਜਾਗਦੀ ਸੀਸ ਅਤੇ ਸਰੀਰ ਅੰਦਰ ਉਦੋਂ ਤਾਈਂ ਮੌਜੂਦ ਰਹਿੰਦੀ ਹੈ ਜਦ ਤਾਈਂ ਕਿ ਸਰੀਰ ਅਤੇ ਸੀਸ ਦਾ ਨਾਸ ਨਹੀਂ ਹੁੰਦਾ। ਸੀਸ ਅਤੇ ਸਰੀਰ ਉਤੇ ਰੋਮ ਰੋਮ ਦਾ ਉਸੇ ਕੁਦਰਤੀ ਹਾਲਤ ਵਿਚ ਕਾਇਮ ਰਹਿਣਾ ਪਰਮ ਜ਼ਰੂਰੀ ਹੈ ਜਿਸ ਵਿਚ ਕਿ ਕਾਦਰ ਈਸ਼ਵਰ ਨੇ ਰੋਮ ਰੋਮ ਨੂੰ ਕਾਇਮ ਅਤੇ ਸੁਰਜੀਤ ਰਖਿਆ ਹੋਇਆ ਹੈ। ਸਰੀਰ ਦੇ ਹਰੇਕ ਹਿਸੇ ਉਤੇ ਕੁਦਰਤੀ ਉਗਵਾਉ ਅਨੁਸਾਰ ਉਗਵੇ ਹੋਏ ਰੋਮ ਥਾਉਂ ਥਾਈਂ ਸੁਤੇ ਹੀ ਉਸ ਹਾਲਤ ਵਿਚ ਕਾਇਮ ਖੜੋਤੇ ਰਹਿ ਜਾਂਦੇ ਹਨ, ਜੈਸਾ ਕਿ ਕੁਦਰਤ ਨੇ ਉਨ੍ਹਾਂ ਨੂੰ ਰਖਿਆ ਹੈ। ਸੀਸ ਦੇ ਰੋਮ ਕੁਦਰਤੀ ਨਸ਼ਵੋ-ਨੁਮਾ ਅਨੁਸਾਰ ਉਤਨੀ ਹੀ ਲੰਬਾਈ ਅਖ਼ਤਿਆਰ ਕਰਦੇ ਹਨ ਜਿਤਨੀ ਕਿ ਕੁਦਰਤ ਨੂੰ ਮਨਜ਼ੂਰ ਹੈ। ਇਕ ਖ਼ਾਸ ਹੱਦ ਉਤੇ ਆ ਕੇ ਕੇਸ ਆਪ ਹੀ ਵਧਣੋਂ ਬੰਦ ਹੋ ਜਾਂਦੇ ਹਨ। ਉਸ ਕੁਦਰਤੀ ਵਧੇ ਵਧਾਉ ਤੋਂ ਬਨਾਵਟੀ ਵਧਾਉ ਸੀਗਾਰ ਦੁਆਰਾ ਆਰਾਸਤਾ ਪੈਰਾਸਤਾ ਕਰ ਕੇ ਕੇਸਾਂ ਨੂੰ ਵਧਾਉਣਾ ਘਟਾਉਣਾ, ਵਧਾਉਣਹਾਰੇ ਬੰਦੇ ਦੀ ਮਹਾਂ ਮੂਰਖਤਾ ਹੈ ਅਤੇ ਕਾਨੂੰਨੇ ਕੁਦਰਤ ਤੋਂ ਉਲਟ ਚਲਣ ਵਾਲੀ ਗੱਲ ਹੈ। ਇਸਤ੍ਰੀਆਂ ਦੇ ਮੂੰਹ ਉਤੇ ਕੁਦਰਤੀ ਤੌਰ ਤੇ ਕੇਸ ਯਾ ਰੋਮ ਉਗਦੇ ਹੀ ਨਹੀਂ। ਜੇ ਕੋਈ ਉਗਵਾਉਣਾ ਚਾਹੇ ਤਾਂ ਉਸ ਦਾ ਯਤਨ ਬਿਰਥਾ ਹੈ। ਸੋ ਇਸ ਪਰਕਾਰ ਇਸਤ੍ਰੀਆਂ ਦੇ ਮੂੰਹ ਉਤੇ ਕੁਦਰਤੋਂ ਉਲਟ ਕੇਸ ਰੋਮ ਉਗਾਉਣਾ ਜਹਾਲਤ ਹੈ, ਏਸੇ ਪਰਕਾਰ ਇਸਤ੍ਰੀ ਮਰਦ ਦੇ ਸੀਸ ਉਤੇ ਕੁਦਰਤੀ ਉਗਾਉ ਅਨੁਸਾਰ ਉਗਵੇਂ ਅਤੇ ਉਗਵ ਖੜੋਤੇ ਕੇਸਾਂ ਨੂੰ ਕਟਾਉਣਾ ਯਾ ਵਧਾਉਣਾ ਘਟਾਉਣਾ ਭੀ ਜਹਾਲਤ ਹੈ। ਮਰਦ ਦੇ ਮੁਖ ਚੇਹਰਿਆਂ ਉਤੇ ਕਾਦਰ ਦੀ ਕੁਦਰਤ ਨੇ ਦਾੜ੍ਹੀਆਂ ਦਿਤੀਆਂ, ਉਗਵਾਈਆਂ, ਪਰ ਸੰਸਾਰ ਦੇ ਫ਼ੈਸ਼ਨ-ਪ੍ਰਸਤ ਆਦਮੀ ਨਿਤ ਨਵੇਂ ਸੂਰਜ ਦਾੜ੍ਹਾ ਮੁਨਵਾ ਮੁਨਵਾ ਕੇ ਤੀਵੀਆਂ ਬਣਨਾ ਚਾਹੁੰਦੇ ਹਨ, ਪਰ ਕੁਦਰਤ ਉਨ੍ਹਾਂ ਨੂੰ ਬਣਨ ਨਹੀਂ ਦਿੰਦੀ।



www.AKJ.Org

ਉਹ ਦਾੜ੍ਹੀਆਂ ਨੂੰ ਚੱਟ੍ਰਮ ਕਰਾਉਂਦੇ ਹਨ, ਪਰ ਕੁਦਰਤ ਉਹਨਾਂ ਦੇ ਮੂੰਹ ਤੇ ਚਪੇੜ ਮਾਰਦੀ ਹੈ। ਦੂਹਰੀਆਂ ਚਪੇੜਾਂ ਨਿਤ ਸਹਿੰਦੇ ਹਨ। ਇਕ ਤਾਂ ਉਸਤਰੇ ਦਾ ਪਉਲਾ ਅਤੇ ਦੂਜੇ ਕੁਦਰਤ ਦਾ ਚਪ-ੜਾਉਲਾ (ਚਪੇੜ) ਜ਼ੋਰ ਜ਼ੋਰ ਨਿਤਾ-ਪ੍ਰਤਿ ਉਨ੍ਹਾਂ ਦੇ ਮੂੰਹ ਉਤੇ ਪੈਂਦਿਆਂ ਭੀ ਉਨ੍ਹਾਂ ਨੂੰ ਸੋਝੀ ਨਹੀਂ ਆਉਂਦੀ। ਜਿਥੇ ਕਾਨੂੰਨੇ ਕੁਦਰਤ ਦੀ ਹਮਸਰੀ ਕਰਨਹਾਰਿਆਂ ਮਰਦਾਂ ਨੇ ਦਾੜ੍ਹੀ ਮੂੰਹ ਮੁੱਛਾਂ ਮੁਨਾ ਕੇ ਤ੍ਰੀਮਤਾਂ (ਤੀਮੀਆਂ) ਨਾ ਬਣ ਸਕਣ ਵਲੋਂ ਮੂੰਹ ਦੀ ਖਾਧੀ ਹੈ, ਉਥੇ ਹੁਣ ਕਾਨੂੰਨੇ ਕੁਦਰਤ ਤੋਂ ਖ਼ੁਦਸਰੀ ਅਤੇ ਸਰਕਸ਼ੀ ਕਰਨਹਾਰੀਆਂ ਤ੍ਰੀਮਤਾਂ ਨੇ ਮਰਦਾਂ ਦੀ ਰੀਸੋ ਰੀਸੀ ਸਿਰ-ਮੁੰਨੀਆਂ ਬਣ ਕੇ ਪਰਲੇ ਦਰਜੇ ਦੀ ਸ਼ਰਮਿੰਦਗੀ ਅਤੇ ਨਿਰਲਜਤਾ ਸਹੇੜੀ ਹੈ, ਪਰ ਖਟਿਆ ਦੋਹਾਂ ਨੇ ਕੱਖ ਨਹੀਂ। ਸਵਾਲ ਤਾਂ ਸਗੋਂ ਇਹ ਹੋਣਾ ਚਾਹੀਦਾ ਸੀ ਕਿ ਈਸ਼ਵਰ ਦੀ ਦਿਤੀ ਦਾਤ ਅਮਾਨਤ ਕੇਸਾਂ ਨੂੰ ਕਿਉਂ ਕਟਾਇਆ ਜਾਂਦਾ ਹੈ ਅਤੇ ਕਿਉਂ ਨਹੀਂ ਸੀਸ ਤੇ ਯਾ ਕੁਦਰਤੀ ਹਾਲਤ ਵਿਚ ਕਾਇਮ ਰਖਿਆ ਜਾਂਦਾ, ਸਗੋਂ ਉਲਟ ਪੁਲਟ ਸਵਾਲ ਕਾਨੂੰਨੇ ਕੁਦਰਤ ਦੀ ਮੁਖ਼ਾਲਫਤ ਦੇ ਹੀ ਕੀਤੇ ਜਾਂਦੇ ਹਨ। ਅਸਲ ਗੱਲ ਇਹ ਹੈ ਕਿ ਕਾਨੂੰਨੇ ਕੁਦਰਤ ਦੀ ਮੁਖ਼ਾਲਫ਼ਤ ਕਰਨਹਾਰਿਆਂ ਦੀ ਬਹੁਤਾਤ (ਮੈਜਾਰਟੀ) ਹੈ। ਬਹੁਤਿਆਂ ਦਾ ਸਿਰ-ਮੂੰਹ ਮੁਨਾਉਣਾ ਤੇ ਸਦੀਆਂ ਤੋਂ ਮੁਨਾਉਂਦੇ ਆਉਣ ਦੀ ਭੇਡਾ-ਚਾਲ ਨੇ ਇਸ ਭੇਡ ਚਾਲ ਨੂੰ ਹੀ ਕੁਦਰਤੀ ਕਾਨੂੰਨ ਗਰਦਾਨ ਛਡਿਆ ਹੈ ਅਤੇ ਅਸਲ ਕੁਦਰਤੀ ਕਾਨੂੰਨ ਅਨੁਸਾਰਤਾ ਵਾਲੇ ਵੇਸ ਨੂੰ ਗ਼ੈਰ ਕੇਸਾ-ਧਾਰੀ ਜਾਣ ਲਿਆ। ਵਜ੍ਹਾ ਇਹ ਹੈ ਕਿ ਕਾਦਰ ਦੇ ਕੁਦਰਤੀ ਕਾਨੂੰਨ ਅਨੁਸਾਰ ਚਲਣਹਾਰੇ ਬਹੁਤ ਵਿਰਲੇ ਤੇ ਥੋੜੇ ਹਨ। ਸਿਖ ਕੌਮ ਤੋਂ ਛੁਟ ਸਰਬ ਮਹਾਨ ਕੌਮਾਂ ਦੇ ਲੱਖਾਂ ਕਰੋੜਾਂ ਮਨੁੱਖਾਂ ਵਿਚੋਂ ਕੋਈ ਇਕ-ਅੱਧ ਜੇ ਕਿਸੇ ਸਕੇਸ਼ ਖ਼ਾਲਸਈ ਸਾਬਤ ਸੂਰਤ ਵਾਲੇ ਬੰਦੇ ਨੂੰ ਵੇਖ ਲੈਂਦਾ ਹੈ ਤਾਂ ਉਸ ਨੂੰ ਆਪਣੀ ਬਿਗੜੀ ਹੋਈ ਸਿਰ-ਮੁੰਨੀ-ਸ਼ਕਲ ਦੇ ਬਿਗੜਪਣ ਦਾ ਤਾਂ ਅਹਿਸਾਸ ਬਾਕੀ ਨਹੀਂ ਰਿਹਾ ਹੁੰਦਾ, ਵਿਲੱਖਣੀ ਸੂਰਤ ਮੂਰਤੀ ਵਾਲੇ ਨੂੰ ਵੇਖ ਕੇ ਅਚੰਭਾ ਹੁੰਦਾ ਹੈ ਤੇ ਇਸ ਤਰ੍ਹਾਂ ਦੇ ਸਵਾਲ ਹੁੰਦੇ ਹਨ:—"ਕਿ ਕੀ ਕੇਸ ਰਖਣੇ ਜ਼ਰੂਰੀ ਹਨ?" ਉਸ ਨੂੰ ਇਹ ਅਗਿਆਨਤਾ ਪਤਾ ਨਹੀਂ ਕਿਉ ਹੋ ਗਈ ਹੁੰਦੀ ਹੈ ਕਿ ਕੇਸ ਭੀ ਸਾਰੇ ਸਰੀਰ ਦਾ ਐਨ ਇਹੋ ਜਿਹਾ ਹੀ ਜ਼ਰੂਰੀ ਅੰਗ ਨਹੀਂ ਜਿਹਾ ਕਿ ਹੱਡ, ਮਾਸ ਆਦਿਕ। ਜਿਤਨੇ ਭੀ ਸਾਰੇ ਸਰੀਰ ਦੇ ਮੁਸਾਮ ਹਨ ਉਤਨੀ ਹੀ ਰੋਮਾਵਲੀ ਹੈ। ਕੁਦਰਤੇ-ਕਾਨੂੰਨ ਦੇ ਮੰਨਣਹਾਰੇ ਖ਼ਾਲਸ ਬੰਦੇ ਨੂੰ ਇਸ ਰੋਮਾਵਲੀ ਦਾ ਇਕ ਰੋਮ ਦਾ ਖੇਦਨ ਕਰਨਾ ਭੀ ਇਤਨਾ ਹੀ ਗੁਨਾਹ ਹੈ ਜਿਤਨਾ ਕਿ ਇਲਮ ਤਿੱਬ ਦੇ ਜਾਨਣ ਵਾਲਿਆਂ ਲਈ ਸਰੀਰ ਦੇ ਇਕ ਮੁਸਾਮ ਨੂੰ ਬੰਦ ਕਰ ਦੇਣ ਵਾਲਾ ਜੁਰਮ ਹੈ।

ਇਹ ਬੜਾ ਲੰਬਾ ਏਡੀ ਵਿਸਥਾਰਥਾ ਵਾਲਾ ਸਵਾਲ ਆਪ ਨੇ ਛੇੜਿਆ ਹੈ ਜਿਸ ਉੱਪਰ ਪੁਸਤਕਾਂ ਦੇ ਪੁਸਤਕ ਅਤੇ ਰਸਾਲਿਆਂ ਦੇ ਰਸਾਲੇ ਲਿਖੇ ਜਾ ਸਕਦੇ ਹਨ। ਇਤਨਾ ਵੇਹਲ ਨਾ ਆਪ ਨੂੰ, ਨਾ ਮੈਨੂੰ ਹੀ ਏਤਨੀ ਫ਼ੁਰਸਤ ਹੈ ਕਿ ਖੋਲ੍ਹ ਕੇ ਪ੍ਰਸਪਰ ਇਸ ਵਿਸ਼ੇ ਉਤੇ ਵਿਚਾਰ ਸਕੀਏ। ਇਹੋ ਜੇਹੀਆਂ ਹੁਜਤਾਂ ਵਾਲੇ ਵਿਤੰਡਾਵਾਦ ਅਕਸਰ ਆਰੀਆ ਸਮਾਜੀ ਹੀ ਉਠਾਇਆ ਕਰਦੇ ਹਨ। ਕੀ ਆਪ ਨੂੰ ਭੀ ਆਰੀਆ ਸਮਾਜ ਦਾ ਪਾਹ ਤਾਂ ਨਹੀਂ ਲਗਿਆ ਹੋਇਆ?

ਸੁਪ੍ਰੰ:—(ਹੱਸ ਕੇ) ਨਹੀਂ, ਮੈਂ ਏਤਨਾ ਕਟਰ ਆਰੀਆ ਸਮਾਜੀ ਤਾਂ ਨਹੀਂ ਕਿ ਵਿਤੰਡਾਵਾਦੀ ਹੀ ਹੋਵਾਂ। ਚਾਹੇ ਮੇਰੀ ਰੁਚੀ ਕੁਛ ਕੁ ਆਰੀਆ ਸਮਾਜ ਵਲ ਹੀ ਹੈ। ਪਰ ਅਜ ਜੋ ਸਵਾਲ ਮੈਂ ਆਪ ਦੇ ਅਗੇ ਕੀਤਾ ਹੈ, ਸੁਤੇ ਹੀ ਕੀਤਾ ਹੈ। ਕਿਸੇ ਵਿਤੰਡਾਵਾਦ ਨੂੰ ਮੁਖ ਰਖ ਕੇ ਬਹਿਸ ਕਾਰਨ ਨਹੀਂ ਕੀਤਾ, ਖੋਜੀ ਬਣ ਕੇ ਕੀਤਾ ਹੈ। ਚਾਹੇ ਆਪ ਨੇ ਕੁਝ ਕਰੜੇ ਪਦ ਵਰਤੇ ਹਨ, ਪਰ ਮੈਨੂੰ ਆਪ ਦੀਆਂ ਦਲੀਲਾਂ ਦੀ ਲੜੀ ਬਹੁਤ ਪਸੰਦ ਆਈ ਹੈ। ਮੇਰੀ ਬਹੁਤ ਸਾਰੀ ਸੰਸਾ-ਨਿਵਿਰਤੀ ਹੋ ਗਈ ਹੈ। ਆਪ ਨੂੰ ਚਾਹੀਦਾ ਹੈ ਕਿ ਜੇਲ੍ਹੋਂ ਬਾਹਰ ਨਿਕਲ ਕੇ ਇਕ

[ ਬਾਕੀ ਦੇਖੋ ਸਫ਼ਾ ੧੨ ਦੇ ਥੱਲੇ ]



www.AKJ.Org

# ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਹੁਕਮਨਾਮਾ

ਸਿੱਖ ਧਰਮ ਦੇ ਕੁਝ ਕੁ ਬੁਨਿਆਦੀ ਅਸੂਲ ਹਨ ਜਿਨ੍ਹਾਂ ਵਿਚੋਂ ਅਰਦਾਸ ਅਤੇ ਚੌਪਈ (ਹਮਰੀ ਕਰੋ ਹਾਥ ਦੈ ਰਛਾ) ਭੀ ਹਨ ਜੋ ਸਿੱਖ ਧਰਮ ਦੇ ਥੰਮ ਰੂਪ ਹਨ, ਜਿਨ੍ਹਾਂ ਦਾ ਸਮੁੱਚੇ ਤੌਰ ਤੇ ਸਾਰੇ ਸਿੱਖ ਜਗਤ ਨਾਲ ਸਬੰਧ ਹੈ। ਸਮੂਹ ਸਿੱਖ ਪੰਥ ਦੀ ਨੁਮਾਇੰਦਾ ਜਮਾਤ ਸ਼੍ਰੋ: ਗੁ: ਪ੍ਰਬੰਧਕ ਕਮੇਟੀ, ਸਿੱਖ ਜਗਤ ਦੇ ਇਤਿਹਾਸਕਾਰ ਅਤੇ ਪੰਥ ਦੇ ਪ੍ਰਸਿਧ ਵਿਦਵਾਨਾਂ ਦੇ ਸਮੁੱਚੇ ਫ਼ੈਸਲੇ ਤੋਂ ਬਿਨਾਂ ਗਿ: ਭਾਗ ਸਿੰਘ ਅੰਬਾਲਾ ਛਾਉਣੀ ਨੇ ਇਕ 'ਦਸਮ ਗ੍ਰੰਥ ਨਿਰਣੇ' ਪੁਸਤਕ ਲਿਖ ਕੇ ਵਿਅਕਤੀਗਤ ਕਿੰਤੂ ਕਰ ਕੇ ਸਿੱਖ ਪੰਥ ਦੇ ਬੁਨਿਆਦੀ ਅਸੂਲਾਂ ਤੇ ਭਾਰੀ ਸੱਟ ਮਾਰ ਕੇ ਘੋਰ ਪਾਪ ਕੀਤਾ ਹੈ। ਇਸ ਲਈ ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਹਸੀਅਤ ਵਿਚ ਦੇਸ ਅਤੇ ਪ੍ਰਦੇਸ ਦੀਆਂ ਸਮੂਹ ਸਿੱਖ ਸੰਗਤਾਂ ਨੂੰ ਸੂਚਿਤ ਕਰਦਾ ਹਾਂ ਕਿ ਜਦ ਤੀਕ ਗਿ: ਭਾਗ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਆਪ ਹਾਜ਼ਰ ਹੋ ਕੇ ਇਸ ਕੀਤੇ ਘੋਰ ਪਾਪ ਦੀ ਪ੍ਰਾਸਚਿਤ ਵਜੋਂ ਮੁਆਫ਼ੀ ਨਹੀਂ ਮੰਗਦਾ ਸਿਖ ਸੰਗਤਾਂ ਉਸ ਨੂੰ ਮੂੰਹ ਨਾ ਲਾਉਣ ਅਤੇ ਦੀਵਾਨਾਂ, ਗੁਰਪੁਰਬਾਂ ਆਦਿ ਸਮਾਗਮਾਂ ਵਿਖੇ ਕਿਸੇ ਸੂਰਤ ਵਿਚ ਭੀ ਬੋਲਣ ਦੀ ਆਗਿਆ ਨਾ ਦੇਣ। ਸਿੱਖ ਸੰਗਤਾਂ ਇਸ ਤੇ ਸਖ਼ਤੀ ਨਾਲ ਅਮਲ ਕਰਨ।

ਨੰ: ੩੫੭੪੮
ਮਿਤੀ ੫.੭.੭੭

ਸਾਧੂ ਸਿੰਘ ਜਥੇਦਾਰ
ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਜੀ

---

[ ਸਫ਼ਾ ੧੧ ਦੀ ਬਾਕੀ ]

ਵਧੀਆ ਪੈਮਾਨੇ ਤੇ ਕੇਸਾਂ ਦੀ ਫ਼ਿਲਾਸਫ਼ੀ ਉਤੇ ਪੁਸਤਕ ਲਿਖ ਕੇ ਹਰੇਕ ਜ਼ਬਾਨ ਵਿਚ ਸਾਰੀ ਦੁਨੀਆ ਉਤੇ ਪ੍ਰਚਾਰ ਕਰੋ ਕਰਾਉ। ਆਪ ਦੀ ਭੇਡਾ-ਚਾਲ ਵਾਲੀ ਗੱਲ ਮੇਰੇ ਬੜੀ ਦਿਲ ਲੱਗੀ ਹੈ। ਸਾਡੇ ਜਿੰਨੇ ਭੀ ਪੁਰਾਤਨ ਰਿਸ਼ੀ, ਮੁਨੀ, ਅਵਤਾਰ, ਪੈਗੰਬਰ ਹੋਏ ਹਨ, ਸਭ ਕੇਸਾਧਾਰੀ ਹੀ ਹੋਏ ਹਨ। ਮਹਾਂ ਭਾਰਤ ਦੇ ਸਮੇਂ ਤਾਈਂ ਇਹ ਸਬੂਤ ਪੱਕੇ ਤੌਰ ਤੇ ਮਿਲਦੇ ਹਨ ਕਿ ਸਾਡੇ ਪੁਰਾਤਨ ਛਤਰੀ, ਬ੍ਰਾਹਮਣ, ਪੇਸ਼ਵੇ, ਸਾਰੇ ਹੀ ਕੇਸਾਧਾਰੀ ਹੋ ਗੁਜ਼ਰੇ ਹਨ। ਪਤਾ ਨਹੀਂ, ਇਹ ਕੇਸ ਮੁੰਡਨ ਦੀ ਭੇਡ-ਚਾਲ ਰਸਮ ਕਦੋਂ ਕੁ ਤੋਂ ਸਾਡੇ ਭਾਰਤ-ਵਰਸ਼ ਵਿਖੇ ਪਰਚਲਤ ਹੋ ਪਈ ਹੈ। ਮਹਾਂ ਭਾਰਤ ਦੇ ਮਹਾਂ ਯੁਧ ਸਮੇਂ ਦੀਆਂ ਮਿਸਾਲਾਂ ਹਿੰਦੂ ਧਰਮ ਦੀਆਂ ਪੁਰਾਤਨ ਪੁਸਤਕਾਂ ਵਿਚ ਮੌਜੂਦ ਹਨ ਕਿ ਕੇਸਾਂ ਦਾ ਮੁੰਡਨ ਉਸ ਸਮੇਂ ਮਹਾਂ ਨਿੰਦਨੀਯ ਰਾਜ ਡੰਨ ਸਮਝਿਆ ਜਾਂਦਾ ਸੀ। ਸਿਰੀ ਕ੍ਰਿਸ਼ਨ ਜੀ ਨੇ ਰੁਕਮਨੀ ਦੇ ਭਾਈ ਰੁਕਮਨ ਯੋਧੇ ਨੂੰ ਜਦੋਂ ਰੁਕਮਨੀ ਦੀ ਸਿਫ਼ਾਰਸ਼ ਦੇ ਅਧੀਨ ਹੋ ਕੇ ਸਿਰ ਕੱਟਣ ਦੀ ਸਜ਼ਾ ਦੇਣੋਂ ਦਰ-ਗੁਜ਼ਰ ਕਰ ਕੇ ਉਸ ਦੇ ਕੇਸ ਕੱਟਣ ਦੀ ਸਜ਼ਾ ਮਿਥੀ ਤਾਂ ਰੁਕਮਨ ਨੇ ਬੜੀ ਦਰਦਨਾਕ ਪੁਕਾਰ ਆਪਣੀ ਭੈਣ ਰੁਕਮਨੀ ਅਗੇ ਕੀਤੀ ਕਿ, "ਹੇ ਰੁਕਮਨੀ, ਤੂੰ ਮੇਰੀ ਭੈਣ ਨਹੀਂ, ਮੇਰੀ ਵੈਰਨ ਹੈਂ, ਕਿਉਂਕਿ ਤੈਂ ਮੇਰੀ ਮੌਤ ਦੀ ਸਜ਼ਾ ਮੁਆਫ਼ ਕਰਾ ਕੇ ਕੇਸ ਕਟਣ ਦੀ ਸਜ਼ਾ ਮਨਜ਼ੂਰ ਕਰਵਾਈ ਹੈ। ਜੀਉਂਦੇ ਜੀਉ, ਮੇਰੇ ਕੇਸ ਕਟੇ ਜਾਣੇ ਮੌਤ ਦੀ ਸਜ਼ਾਂ ਨਾਲੋਂ ਭੀ ਹਜ਼ਾਰ ਦਰਜਾ ਮਹਾਂ ਭਿਆਨਕ ਅਤੇ ਦੁਖਦਾਈ ਹੈ।" ਆਪ ਦੇ ਖਿਆਲ ਸੋਹਣੇ ਹਨ। ਆਪ ਸੱਚ ਮੁਚ ਤੱਤ ਅਸੂਲਾਂ ਵਾਲੇ ਸਿੰਘ ਹੋ। ਅਜ ਤਾਈਂ ਮੇਰੀ ਕਿਸੇ ਸਿਖ ਨੇ ਅਜਿਹੀ ਨਿਸ਼ਾ ਨਹੀਂ ਕੀਤੀ ਸੀ। ਦਲੀਲ ਦਾ ਇਕ ਕਿਣਕਾ ਮਾਤਰ ਹੀ ਸਾਡੇ ਵਰਗੇ ਖੋਜੀ ਮੁਤਲਾਸ਼ੀਆਂ ਨੂੰ ਕਾਫ਼ੀ ਹੈ। ਅੱਛਾ, ਵਕਤ ਬਹੁਤ ਹੋ ਗਿਆ ਹੈ ਕਦੇ ਫੇਰ ਸਹੀ, ਨਮਸਤੇ।

ਮੈਂ—ਸਤਿ ਸ੍ਰੀ ਅਕਾਲ! ਦਗਾ ਦੇ ਚਲੇ, ਫੇਰ ਤਾਂ ਫੇਰ ਹੀ ਹੈ, ਰੋਜ਼ ਇਹ ਫੇਰ ਧਰੀ ਪਈ ਹੈ। ਸੋ ਸਚ-ਮੁਚ ਹੀ ਇਹ ਫੇਰ ਉਸ ਨਾਲ ਗੋਸ਼ਟ ਕਰਨ ਦੀ ਕਦੇ ਨਾ ਆਈ। ਪਰ ਇਹ ਸੁਪ੍ਰੰਟੈਂਡੈਂਟ ਬੜਾ ਹੀ ਨੇਕ ਨਿਹਾਦ ਬੰਦਾ ਦੇਖਿਆ।



www.AKJ.Org

# ਜਾਪੁ ਸਾਹਿਬ–ਕਾਵਿ ਅਨੁਵਾਦ

[ਵਲੋਂ—ਜੇ. ਪੀ. ਸੰਗਤ ਸਿੰਘ ਜੀ, ੭੫/੩ ਮਲੰਡ ਕਾਲੋਨੀ, ਬੰਬੇ–੮੨]

## ਧਰਮ ਧੁਜਾ ਤੇ ਚਕ੍ਰਵਰਤੀ ਸ਼ਾਸਕ–ਪ੍ਰਭੂ

### ਭਗਵਤੀ ਛੰਦ ॥ ਤ੍ਵਪ੍ਰਸਾਦਿ ॥

( ਤੇਰੀ ਮਿਹਰ ਸਦਕਾ ਹੀ ਇਹ ਭਗਵਤੀ ਛੰਦ ਰਚਦਾ ਹਾਂ )

**ਕਿ ਆਛਿਜ ਦੇਸੈ ॥ ਕਿ ਆਭਿਜ ਭੇਸੈ ॥**
**ਕਿ ਆਗੰਜ ਕਰਮੈ ॥ ਕਿ ਆਭੰਜ ਭਰਮੈ ॥੧੦੩॥**

**ਸ਼ਬਦਾਰਥ:**—ਆਛਿਜ=ਨ ਛਿਜਣ ਵਾਲਾ। ਆਭਿਜ=ਨਾਸ ਨਾ ਹੋਣ ਵਾਲਾ। ਅਗੰਜ=ਆਗੰਜ, ਅਜਿਤ। ਆਭੰਜ=ਤੋੜਿਆ ਨਾ ਜਾ ਸਕਣ ਵਾਲਾ, ਵਸ ਵਿਚ ਨਾ ਆ ਸਕਣ ਵਾਲਾ।

**ਭਾਵਾਰਥ:**—ਤੂੰ ਅਬਿਨਾਸ਼ੀ ਦੇਸ਼ ਦਾ ਵਾਸੀ ਹੈਂ, ਤੇਰਾ ਭੇਸ ਅਬਿਨਾਸ਼ੀ ਹੈ। ਤੂੰ ਅਜਿਤ ਕਰਮਾਂ ਵਾਲਾ ਹੈਂ ਤੇ ਭਰਮਾਂ ਦਾ ਨਾਸਕ ਹੈਂ।

**ਕਾਵਿ ਭਾਵਾਰਥ :—**

ਹੈਂ ਅਛਿਜ, ਤੇਰਾ ਦੇਸ ਛਿਜਦਾ ਨਹੀਂ, ਨਾਲੇ ਕਦੇ ਵੀ ਨਾਸ ਨਹੀਂ ਹੋ ਸਕਦਾ।
ਤੇਰਾ ਭੇਸ ਅਬਿਨਾਸ਼ੀ ਹੈ ਮੇਰੇ ਸੁਆਮੀ! ਜੀਹਦਾ ਕਦੇ ਵਿਕਾਸ ਨਹੀਂ ਹੋ ਸਕਦਾ।
ਕੋਈ ਕਰਮ ਕੋਈ ਰਸਮ ਨਹੀਂ ਜਹੀ ਪ੍ਰੀਤਮ! ਤੈਨੂੰ ਦਾਤਿਆ ਵਸ ਚ ਲਿਆ ਸਕੇ ਜੋ।
ਕੋਈ ਭਰਮ ਕੋਈ ਵਹਿਮ ਨਹੀਂ ਜਿਹਾ ਦਾਤਾ! ਹੇ ਅਭੰਜ ਪ੍ਰਭ, ਤੈਨੂੰ ਭੁਲਾ ਸਕੇ ਜੋ।

**ਕਿ ਆਭਿਜ ਲੋਕੈ ॥ ਕਿ ਆਦਿਤ ਸੋਕੈ ॥**
**ਕਿ ਅਵਧੂਤ ਬਰਨੈ ॥ ਕਿ ਬਿਭੂਤ ਕਰਨੈ ॥੧੦੪॥**

**ਸ਼ਬਦਾਰਥ :**—ਆਭਿਜ=ਨ ਟੁਟਣ ਵਾਲਾ, ਅਬਿਨਾਸ਼ੀ। ਆਦਿਤ=ਸੂਰਜ। ਸੋਕੈ=ਸੁਕਾਉਣ ਵਾਲਾ। ਬਿਭੂਤ=ਐਸ਼ਵਰਜ।

**ਭਾਵਾਰਥ :**—ਤੇਰਾ ਦੇਸ ਅਬਿਨਾਸ਼ੀ ਹੈ, ਤੂੰ ਸੂਰਜ ਦਾ ਤੇਜ ਵੀ ਖਿਚ ਸਕਣ ਵਾਲਾ ਹੈਂ, ਤੈਨੂੰ ਮੋਹ ਮਾਇਆ ਦਾ ਅਸਰ ਪ੍ਰਭਾਵਤ ਨਹੀਂ ਕਰ ਸਕਦਾ। ਤੂੰ ਐਸ਼ਵਰਜ ਦਾ ਸੋਮਾ ਹੈਂ।

**ਕਾਵਿ ਭਾਵਾਰਥ :—**

ਤੇਰਾ ਦੇਸ਼ ਅਬਿਨਾਸ਼ੀ, ਅਖੰਡ ਦਾਤਾ! ਸੂਰਜ ਤਾਈਂ ਜੇ ਚਾਹੇਂ, ਸੁਕਾਏਂ ਪ੍ਰੀਤਮ!
ਹੇ ਸੋਮੇ ਤੇਜ ਪ੍ਰਤਾਪ ਦੇ, ਤੇਰੇ ਉਤੇ, ਅਸਰ ਮੋਹ ਮਾਇਆ ਕੁਝ ਵੀ ਨ ਪਾਏ ਪ੍ਰੀਤਮ!

**ਕਿ ਰਾਜੰ ਪ੍ਰਭਾ ਹੈਂ ॥ ਕਿ ਧਰਮੰ ਧੁਜਾ ਹੈਂ ॥**
**ਕਿ ਆਸੋਕ ਬਰਨੈ ॥ ਕਿ ਸਰਬਾ ਅਭਰਨੈ ॥੧੦੫॥**

**ਸ਼ਬਦਾਰਥ :**—ਪ੍ਰਭਾ=ਪ੍ਰਭਤਾ, ਆਭਾ, ਤੇਜ। ਧਰਮ ਧੁਜਾ=ਧਰਮ ਦਾ ਝੰਡਾ। ਆਸੋਕ=ਅਸੋਕ, ਅ+ਸੋਕ, ਚਿੰਤਾ ਤੋਂ ਮੁਕਤ। ਸ਼ੋਕ=ਚਿੰਤਾ। ਬਰਨ=ਸਰੂਪ, ਹਸਤੀ। ਆਭਰਨ=ਗਹਿਣੇ, ਸ਼ਿੰਗਾਰ।

**ਭਾਵਾਰਥ :**—ਤੂੰ ਰਾਜਿਆਂ ਦਾ ਵੀ ਤੇਜ ਹੈਂ, ਧਰਮ ਦਾ ਨਿਸ਼ਾਨ ਹੈਂ, ਚਿੰਤਾ ਮੁਕਤ ਤੇਰਾ ਰੂਪ ਹੈ ਅਤੇ ਸਾਰੇ ਗਹਿਣਿਆਂ, ਸ਼ਿੰਗਾਰਾਂ ਦੀ ਸ਼ੋਭਾ ਤੂੰ ਹੀ ਹੈਂ।

**ਕਾਵਿ ਭਾਵਾਰਥ :—**

ਤੇਜ ਤੇਰਾ ਹੀ ਹੈ ਰਾਜੇ ਰਾਣਿਆਂ ਵਿਚ, ਝੰਡਾ ਧਰਮ ਦਾ ਤੂੰ ਹੀ ਦਾਤਾਰ ਪਿਆਰੇ!
ਚਿੰਤਾਂ ਫ਼ਿਕਰਾਂ ਤੋਂ ਮੁਕਤ ਤੂੰ ਪ੍ਰਭੂ ਮੇਰੇ, ਹਰ ਇਕ ਜੀਵ ਦਾ ਤੂੰ ਹੀ ਸ਼ਿੰਗਾਰ ਪਿਆਰੇ!



www.AKJ.Org

ਕਿ ਜਗਤੰ ਕ੍ਰਿਤੀ ਹੈ ॥ ਕਿ ਛਤ੍ਰੰ ਛਤ੍ਰੀ ਹੈਂ ॥
ਕਿ ਬ੍ਰਹਮੰ ਸਰੂਪੈ ॥ ਕਿ ਅਨਭਉ ਅਨੂਪੈ ॥੧੦੬॥

**ਸ਼ਬਦਾਰਥ :**—ਕ੍ਰਿਤੀ=ਪੈਦਾ ਕਰਨ ਵਾਲਾ, ਸਿਰਜਣਹਾਰ। ਛਤ੍ਰੀ=ਬਲਵਾਨ। ਬ੍ਰਹਮੰ ਸਰੂਪੈ=ਸੁੰਦਰਤਾ ਦਾ ਮੂਲ। ਅਨਭਉ=ਆਪਣੇ ਆਪ ਤੋਂ ਪੈਦਾ ਹੋਣ ਵਾਲਾ।

**ਭਾਵਾਰਥ :**—ਪ੍ਰਭੂ ! ਤੂੰ ਸ੍ਰਿਸ਼ਟੀ ਦਾ ਸਿਰਜਨਹਾਰ ਹੈਂ, ਅਤੀ ਬਲ ਵਾਲਾ ਹੈਂ। ਸੁੰਦਰਤਾ ਦਾ ਮੂਲ ਹੈਂ ਅਤੇ ਆਪਣੇ ਆਪ ਤੋਂ ਪੈਦਾ ਹੋਇਆ ਹੈਂ।

**ਕਾਵਿ ਭਾਵਾਰਥ :**—

ਸਭ ਬ੍ਰਹਿਮੰਡ ਦਾ ਹੈਂ ਸਿਰਜਣਹਾਰ ਤੂੰਹੀਓਂ ਤੇ ਬਲਵਾਨਾਂ ਚੋਂ ਮਹਾਂ ਬਲਵਾਨ ਪ੍ਰੀਤਮ !
ਮੂਲ ਸੁੰਦਰਤਾ ਦਾ ਹੈ ਸਰੂਪ ਤੇਰਾ, ਉਪਜੇ ਸੁਅਮ ਹੀ, ਉਹ ਹੈਂ ਗਿਆਨ ਪ੍ਰੀਤਮ !

ਕਿ ਆਦਿ ਅਦੇਵ ਹੈਂ ॥ ਕਿ ਆਪਿ ਅਭੇਵ ਹੈਂ ॥
ਕਿ ਚਿਤ੍ਰੰ ਬਿਹੀਨੈ ॥ ਕਿ ਏਕੈ ਅਧੀਨੈ ॥੧੦੭॥

**ਸ਼ਬਦਾਰਥ :**—ਆਦਿ=ਮੁਢ ਤੋਂ ਹੀ। ਅਦੇਵ=ਅ+ਦੇਵ, ਜਿਸ ਤੋਂ ਉਪਰ ਕੋਈ ਹੋਰ ਦੇਵਤਾ ਨਹੀਂ। ਆਪਿ=ਆਪਣੇ ਜਿਹਾ ਇਕੱਲਾ। ਅਭੇਵ=ਜਿਸ ਦਾ ਭੇਦ ਨ ਪਾਇਆ ਜਾ ਸਕੇ। ਏਕੈ ਅਧੀਨੈ=ਇਕੋ ਆਪਣੇ ਆਪ ਦੇ ਅਧੀਨ।

**ਭਾਵਾਰਥ :**—ਪ੍ਰਭੂ, ਤੂੰ ਮੁਢ ਤੋਂ ਹੀ ਹੈਂ, ਤੇਰੇ ਤੋਂ ਵੱਡਾ ਹੋਰ ਕੋਈ ਦੇਵ ਨਹੀਂ ਹੈ। ਤੂੰ ਆਪਣੇ ਜਿਹਾ ਆਪ ਹੀ ਹੈਂ, ਤੇਰਾ ਭੇਦ ਨਹੀਂ ਮਿਲ ਸਕਦਾ। ਤੇਰਾ ਚਿਤ੍ਰ ਨਹੀਂ ਬਣ ਸਕਦਾ। ਤੂੰ ਕੇਵਲ ਆਪਣੇ ਆਪ ਦੇ ਅਧੀਨ ਹੈਂ।

**ਕਾਵਿ ਭਾਵਾਰਥ :**—

ਤੂੰ ਹੈਂ ਮੁਢ ਕਦੀਮ ਤੋਂ ਪ੍ਰਭੂ ਮੇਰੇ, ਤੈਥੋਂ ਵਧ ਪੂਜਣ ਯੋਗ ਦੇਵ ਕੋਈ ਨਹੀਂ !
ਆਪਣੇ ਜਿਹਾ ਬਸ ਤੂਹੀਓਂ ਹੈਂ,ਹੋਰ ਕੋਈ ਨਹੀਂ,ਹੇ ਅਭੇਵ ! ਤੇਰਾ ਮਿਲਦਾ ਭੇਦ ਕੋਈਂ ਨਹੀਂ !
ਤੇਰਾ ਚਿਤ੍ਰ, ਤਸਵੀਰ ਨਹੀਂ ਬਣ ਸਕਦੀ, ਇਹੋ ਜਿਹਾ ਤੂੰ ਚਿਤ੍ਰ ਬਿਹੀਨ ਦਾਤਾ !
ਇਕੋ ਇਕ ਹੈਂ ਤੂੰ, ਤੈਥੋਂ ਉਚਾ ਕੋਈ ਨਹੀਂ, ਆਪਣੇ ਆਪ ਦੇ ਹੀ ਹੈਂ ਅਧੀਨ ਦਾਤਾ !

ਕਿ ਰੋਜ਼ੀ ਰਜ਼ਾਕੈ ॥ ਰਹੀਮੈ ਰਿਹਾਕੈ ॥
ਕਿ ਪਾਕ ਬਿਐਬ ਹੈਂ ॥ ਕਿ ਗ਼ੈਬੁਲ ਗ਼ੈਬ ਹੈਂ ॥੧੦੮॥

**ਸ਼ਬਦਾਰਥ :**—ਰਜ਼ਾਕ=ਰਿਜ਼ਕ ਦੇਣ ਵਾਲਾ, ਰਾਜ਼ਕ। ਰਹੀਮ=ਰਹਿਮ ਕਰਨ ਵਾਲਾ, ਦਇਆਲੂ। ਰਿਹਾਕੈ=ਰਿਹਾਈ ਦੇਣ ਵਾਲਾ, ਮੁਕਤੀ ਦੇਣ ਵਾਲਾ। ਪਾਕ=ਪਵਿਤ੍ਰ। ਬੇਐਬ=ਕਲੰਕ ਰਹਿਤ। ਗ਼ੈਬੁਲ ਗ਼ੈਬ=ਪੂਰਨ ਤੌਰ ਤੇ ਗੁਪਤ।

**ਭਾਵਾਰਥ :**—ਤੂੰ ਰੋਜ਼ੀ ਰਿਜ਼ਕ ਦੇਣ ਵਾਲਾ ਹੈਂ, ਦਇਆਲੂ ਹੈਂ, ਮੁਕਤੀ ਦੇਣ ਵਾਲਾ ਹੈਂ। ਤੂੰ ਪਾਵਨ ਪਵਿਤਰ ਹੈਂ, ਨਿਹਕਲੰਕ ਹੈਂ ਅਤੇ ਪੂਰਨ ਤੌਰ ਤੇ ਗੁਪਤ ਹੈਂ।

**ਕਾਵਿ ਭਾਵਾਰਥ :**—

ਪਾਲਕ ਸਭਸ ਦਾ ਤੂੰ, ਰਾਜ਼ਕ ਸਾਰਿਆਂ ਦਾ, ਪਰਮ ਦਿਆਲੂ ਤੇ ਮੁਕਤ ਦਾਤਾਰ ਪ੍ਰੀਤਮ !
ਪਾਕ ਅਤੇ ਪਵਿਤ੍ਰ, ਬੇਐਬ ਨਾਲੇ, ਪੂਰਨ ਤੌਰ ਤੇ ਗੁਪਤ ਸਰਕਾਰ ਪ੍ਰੀਤਮ !

ਕਿ ਅਫ਼ਵੁਲ ਗੁਨਾਹ ਹੈਂ ॥ ਕਿ ਸ਼ਾਹਾਨ ਸ਼ਾਹ ਹੈਂ ॥
ਕਿ ਕਾਰਨ ਕੁਨਿੰਦ ਹੈਂ ॥ ਕਿ ਰੋਜ਼ੀ ਦਹਿੰਦ ਹੈਂ ॥੧੦੯॥

**ਸ਼ਬਦਾਰਥ :**—ਅਫਵੁਲ=ਬਖ਼ਸ਼ਿਸ਼ ਕਰਨ ਵਾਲਾ। ਸ਼ਾਹਾਨ ਸ਼ਾਹ=ਪਾਤਸ਼ਾਹਾਂ ਦਾ ਪਾਤਿਸ਼ਾਹ।



www.AKJ.Org

ਕੁਨਿੰਦ=ਕਰਨ ਵਾਲਾ। ਦਹਿੰਦ=ਦੇਣ ਵਾਲਾ।

**ਕਾਵਿ ਭਾਵਾਰਥ :–**

ਪਾਪ ਅਤੇ ਗੁਨਾਹ ਬਖਸ਼ਨਹਾਰ ਹੈਂ ਤੂੰ, ਸ਼ਹਿਨਸ਼ਾਹਾਂ ਦਾ ਵੀ ਪਾਤਿਸ਼ਾਹ ਪ੍ਰੀਤਮ !
ਦਾਤਾ ਕਰਤਾ ਹੈਂ ਸਾਰਿਆਂ ਕਾਰਨਾਂ ਦਾ, ਰਿਜ਼ਕ ਦੇਵੇਂ ਸਭ ਨੂੰ ਤੂੰ ਅਥਾਹ ਪ੍ਰੀਤਮ !

**ਰਾਜ਼ਕ ਰਹੀਮ ਹੈਂ ॥ ਕਿ ਕਰਮੰ ਕਰੀਮ ਹੈਂ ॥**
**ਕਿ ਸਰਬੰ ਕਲੀ ਹੈਂ ॥ ਕਿ ਸਰਬੰ ਦਲੀ ਹੈਂ ॥੧੧੦॥**

**ਸ਼ਬਦਾਰਥ :**–ਰਾਜ਼ਕ=ਰਿਜ਼ਕ ਦੇਣ ਵਾਲਾ। ਰਹੀਮ=ਦਇਆਲੂ। ਕਰਮ=ਬਖ਼ਸ਼ਿਸ਼। ਕਰੀਮ=ਬਖ਼ਸ਼ਿਸ਼ ਕਰਨ ਵਾਲਾ। ਕਲੀ=ਤਾਕਤਵਰ। ਦਲੀ=ਦਲਣ ਵਾਲਾ, ਨਾਸ ਕਰਨ ਵਾਲਾ।

**ਭਾਵਾਰਥ :**–ਤੂੰ ਰੋਜ਼ੀ, ਰਿਜ਼ਕ ਦੇਣ ਵਾਲਾ ਦਇਆਲੂ ਹੈਂ, ਬਖ਼ਸ਼ਿਸ਼ਾਂ ਕਰਨ ਵਾਲਾ ਬਖ਼ਸ਼ਿੰਦ ਹੈਂ, ਸ਼ਕਤੀਆਂ ਦਾ ਦਾਤਾ ਹੈਂ ਅਤੇ ਸਭ ਨੂੰ ਹੀ ਨਾਸ ਕਰਨ ਵਾਲਾ ਹੈਂ।

**ਕਾਵਿ ਭਾਵਾਰਥ :–**

ਪਾਲਕ ਸਾਰਿਆਂ ਦਾ, ਰਾਜ਼ਕ ਸਾਰਿਆਂ ਦਾ, ਕਰੇਂ ਬਖ਼ਸ਼ਿਸ਼ਾਂ ਤੂੰ ਬਖ਼ਸ਼ਨਹਾਰ ਸੁਆਮੀ।
ਸਰਬ ਸ਼ਕਤੀਆਂ ਦਾ ਦਾਤਾ ਤੂੰ ਹੀ ਪ੍ਰੀਤਮ, ਸਭ ਦਾ ਨਾਸ਼ਕ ਵੀ ਹੈਂ, ਦਲਨਹਾਰ ਸੁਆਮੀ।

**ਕਿ ਸਰਬਤ੍ਰ ਮਾਨਿਯੈ ॥ ਕਿ ਸਰਬਤ੍ਰ ਦਾਨਿਯੈ ॥**
**ਕਿ ਸਰਬਤ੍ਰ ਗਉਨੈ ॥ ਕਿ ਸਰਬਤ੍ਰ ਭਉਨੈ ॥੧੧੧॥**

**ਸ਼ਬਦਾਰਥ :**–ਮਾਨਿਯੈ=ਮਾਨ ਯੋਗ, ਮਾਨਨੀਯ। ਸਰਬਤ੍ਰ=ਸਭਸ ਦਾ। ਦਾਨਿਯੈ=ਦਾਨੀ। ਗਉਨੈ=ਪਹੁੰਚ, ਗਮਨ। ਭਉਨ=ਭਵਨਾਂ।

**ਭਾਵਾਰਥ :**–ਤੂੰ ਸਭਨਾਂ ਦਾ ਮਾਨ ਯੋਗ ਹੈਂ, ਸਭ ਨੂੰ ਦੇਣ ਵਾਲਾ ਹੈਂ, ਹਰ ਥਾਂ ਤੇਰੀ ਪਹੁੰਚ ਹੈ, ਹਰ ਥਾਂ ਤੇ ਹਾਜ਼ਰ ਨਾਜ਼ਰ ਤੇ ਵਿਆਪਕ ਹੈਂ।

**ਕਾਵਿ ਭਾਵਾਰਥ :–**

ਸਭ ਦਾ ਮਾਨਨੀਯ ਹੈਂ, ਸਭ ਦਾ ਪੂਜਯ ਵੀ ਹੈਂ, ਦੇਵੇਂ ਸਭਸ ਨੂੰ ਦਾਨ ਦਾਤਾਰ ਪਿਆਰੇ !
ਹਰ ਇਕ ਥਾਂ ਤੇ ਹੈ ਤੇਰੀ ਪਹੁੰਚ ਦਾਤਾ, ਹਰ ਇਕ ਭਵਨ ਵਿਚ ਹਾਜ਼ਰ ਸਾਕਾਰ ਪਿਆਰੇ !

**ਕਿ ਸਰਬਤ੍ਰ ਦੇਸੈ ॥ ਕਿ ਸਰਬਤ੍ਰ ਭੇਸੈ ॥**
**ਕਿ ਸਰਬਤ੍ਰ ਰਾਜੈ ॥ ਕਿ ਸਰਬਤ੍ਰ ਸਾਜੈ ॥੧੧੨॥**

**ਸ਼ਬਦਾਰਥ :**–ਰਾਜੈ=ਪ੍ਰਕਾਸ਼ ਕਰ ਰਿਹਾ ਹੈਂ, ਤੇਜ ਪ੍ਰਤਾਪ ਹੈ। ਸਾਜੈ=ਸਾਜਣਹਾਰ ਹੈਂ।

**ਭਾਵਾਰਥ :**–ਹਰ ਦੇਸ ਵਿਚ ਤੇ ਹਰ ਭੇਸ ਵਿਚ ਤੂੰ ਪੂਰਨ ਤੌਰ ਤੇ ਵਿਆਪਕ ਹੈਂ। ਸਭ ਵਿਚ ਤੇਰਾ ਹੀ ਤੇਜ ਪ੍ਰਤਾਪ ਹੈ ਅਤੇ ਸਭਸ ਦਾ ਤੂੰ ਹੀ ਸਾਜਨਹਾਰ ਹੈਂ।

**ਕਾਵਿ ਭਾਵਾਰਥ :–**

ਹਰ ਇਕ ਦੇਸ, ਹਰ ਥਾਂ, ਹਰ ਇਕ ਭੇਸ ਅੰਦਰ, ਤੂੰ ਮੌਜੂਦ ਹੈਂ, ਸਰਬ ਵਿਆਪਕ ਹੈਂ ਤੂੰ।
ਤੇਰਾ ਤੇਜ ਪ੍ਰਤਾਪ ਹੀ ਦਿਸੇ ਸਭ ਵਿਚ, ਸਭ ਬ੍ਰਹਿਮੰਡ ਰਚਨਾ ਦਾ ਰਚਨਹਾਰ ਹੈਂ ਤੂੰ।

**ਕਿ ਸਰਬਤ੍ਰ ਦੀਨੈ ॥ ਕਿ ਸਰਬਤ੍ਰ ਲੀਨੈ ॥**
**ਕਿ ਸਰਬਤ੍ਰ ਜਾਹੋ ॥ ਕਿ ਸਰਬਤ੍ਰ ਭਾਹੋ ॥੧੧੩॥**

**ਸ਼ਬਦਾਰਥ :**–ਦੀਨੈ=ਦੇਣ ਵਾਲਾ। ਲੀਨੈ=ਲੀਨ, ਵਿਆਪਕ। ਜਾਹੋ=ਜਾਹ, ਤੇਜ, ਪ੍ਰਤਾਪ। ਭਾਹੋ=ਭਾਹ, ਚਮਕ, ਨੂਰ।

**ਭਾਵਾਰਥ :**–ਤੂੰ ਹੀ ਸਭ ਨੂੰ ਦੇਣ ਵਾਲਾ ਹੈਂ, ਸਭ ਵਿਚ ਲੀਨ ਹੈਂ ਤੇ ਰਚਿਆ ਮਿਚਿਆ ਹੋਇਆ।



www.AKJ.Org

ਹੈਂ । ਸਭ ਦਾ ਤੇਜ ਤੇ ਜਲਾਲ ਤੂੰ ਹੀ ਹੈਂ, ਸਭ ਦਾ ਨੂਰ ਤੇ ਪ੍ਰਕਾਸ਼ ਤੂੰ ਹੀ ਹੈਂ ।

**ਕਾਵਿ ਭਾਵਾਰਥ :–**

ਸਭਨੀ ਥਾਈਂ, ਸਭ ਦਾ ਦੇਣਹਾਰ ਤੂੰ ਹੈਂ, ਸਭ ਵਿਚ ਤੂੰ ਹੀ ਹੈਂ ਲੀਨ ਦਾਤਾਰ ਪ੍ਰੀਤਮ !
ਸਭਨਾਂ ਵਿਚ ਤੇਰਾ ਹੀ ਪ੍ਰਤਾਪ ਦਿਸਦੈ, ਤੇਰਾ ਨੂਰ ਸਭ ਅੰਦਰ ਸਾਕਾਰ ਪ੍ਰੀਤਮ !

**ਕਿ ਸਰਬਤ੍ਰ ਦੇਸੈ ॥ ਕਿ ਸਰਬਤ੍ਰ ਭੇਸੈ ॥**
**ਕਿ ਸਰਬਤ੍ਰ ਕਾਲੈ ॥ ਕਿ ਸਰਬਤ੍ਰ ਪਾਲੈ ॥੧੧੪॥**

**ਭਾਵਾਰਥ** :–ਹਰ ਦੇਸ, ਹਰ ਭੇਸ ਵਿਚ ਤੂੰ ਹੀ ਵਿਆਪਕ ਹੈਂ, ਤੂੰ ਹੀ ਸਭ ਦਾ ਕਾਲ ਹੈਂ ਅਤੇ ਤੂੰ ਹੀ ਸਭ ਦਾ ਪਾਲਨਹਾਰ ਹੈਂ ।

**ਕਾਵਿ ਭਾਵਾਰਥ :–**

ਹਰ ਇਕ ਦੇਸ਼, ਹਰ ਥਾਈਂ ਮੌਜੂਦ ਹੈਂ ਤੂੰ, ਹਰ ਇਕ ਭੇਸ ਵਿਚ ਤੇਰੀ ਨੁਹਾਰ ਦਿਸੇ ।
ਹਰ ਇਕ ਜੀਵ ਲਈ ਕਾਲ ਸਰੂਪ ਨਾਲੇ, ਸਰਬ ਜੀਵਾਂ ਦਾ ਹੀ ਪਾਲਨਹਾਰ ਦਿਸੇਂ ।

**ਕਿ ਸਰਬਤ੍ਰ ਹੰਤਾ ॥ ਕਿ ਸਰਬਤ੍ਰ ਗੰਤਾ ॥**
**ਕਿ ਸਰਬਤ੍ਰ ਭੇਖੀ ॥ ਕਿ ਸਰਬਤ੍ਰ ਪੇਖੀ ॥੧੧੫॥**

**ਸ਼ਬਦਾਰਥ** :–ਹੰਤਾ=ਮਾਰਨ ਵਾਲਾ । ਗੰਤਾ=ਪਹੁੰਚ ਵਾਲਾ । ਸਰਬਤ੍ਰ ਭੇਖੀ=ਹਰ ਭੇਖ ਵਿਚ ਮੌਜੂਦ । ਪੇਖੀ=ਵੇਖਣ ਵਾਲਾ ।

**ਭਾਵਾਰਥ** :–ਸਭ ਦਾ ਮਾਰਨਹਾਰ ਤੂੰ ਹੀ ਹੈਂ, ਸਭਨਾਂ ਵਿਚ ਤੇਰੀ ਰਸਾਈ ਹੈ, ਸਭ ਭੇਖਾਂ ਵਿਚ ਤੂੰ ਹੀ ਹੈਂ ਅਤੇ ਸਭਨਾਂ ਨੂੰ ਤੂੰ ਵੇਖ ਰਿਹਾ ਹੈਂ ।

**ਕਾਵਿ ਭਾਵਾਰਥ :–**

ਸਭਨੀ ਥਾਈਂ ਸਭ ਦਾ ਮਾਰਨਹਾਰ ਹੈਂ ਤੂੰ, ਤੇਰੀ ਪਹੁੰਚ ਸਭ ਥਾਂ ਹੈ, ਦਾਤਾਰ ਪਿਆਰੇ ।
ਹਰ ਇਕ ਭੇਸ ਵਿਚ ਤੇਰਾ ਹੀ ਰੂਪ ਦਿਸਦਾ, ਤੂੰ ਹੀ ਸਾਰਿਆਂ ਦਾ ਵੇਖਨਹਾਰ ਪਿਆਰੇ ।

**ਕਿ ਸਰਬਤ੍ਰ ਕਾਜੈ ॥ ਕਿ ਸਰਬਤ੍ਰ ਰਾਜੈ ॥**
**ਕਿ ਸਰਬਤ੍ਰ ਸੋਖੈ ॥ ਕਿ ਸਰਬਤ੍ਰ ਪੋਖੈ ॥੧੧੬॥**

**ਸ਼ਬਦਾਰਥ** :–ਕਾਜੈ=ਕੰਮ, ਕਾਰਜ । ਰਾਜੈ=ਪ੍ਰਕਾਸ਼ । ਸੋਖੈ=ਸੁਕਾਂਦਾ ਹੈਂ । ਪੋਖੈ=ਪਾਲਦਾ ਹੈਂ ।

**ਭਾਵਰਥ**:–ਹਰ ਥਾਂ ਤੇਰੇ ਕੀਤੇ ਕੰਮ ਹੀ ਦਿਸ ਰਹੇ ਹਨ । ਹਰ ਥਾਂ ਤੇਰਾ ਪ੍ਰਕਾਸ਼ ਹੀ ਨਜ਼ਰ ਆਉਂਦਾ ਹੈ । ਸਭ ਨੂੰ ਸੁਕਾਣ ਵਾਲਾ ਵੀ ਤੂੰ ਹੀ ਹੈਂ ਅਤੇ ਸਭ ਦੀ ਪਾਲਨਾ ਕਰਨ ਵਾਲਾ ਵੀ ਤੂੰ ਹੀ ਹੈਂ ।

**ਕਾਵਿ ਭਾਵਾਰਥ :–**

ਹਰ ਕਾਰਜ, ਹਰ ਹਰਕਤ, ਹਰ ਕੰਮ, ਸਭ ਕੁਝ ਹੁੰਦੈ ਤੇਰੇ ਹੀ ਹੁਕਮ ਅਨੁਸਾਰ ਪ੍ਰੀਤਮ !
ਪਾਲਨਹਾਰ ਸਭ ਦਾ, ਤੂੰ ਪ੍ਰਕਾਸ਼ ਸਭ ਦਾ, ਤੂੰ ਹੀ ਸਾਰਿਆਂ ਦਾ ਮਾਰਨਹਾਰ ਪ੍ਰੀਤਮ !

**ਕਿ ਸਰਬਤ੍ਰ ਤ੍ਰਾਣੈ ॥ ਕਿ ਸਰਬਤ੍ਰ ਪ੍ਰਾਣੈ ॥**
**ਕਿ ਸਰਬਤ੍ਰ ਦੇਸੈ ॥ ਕਿ ਸਰਬਤ੍ਰ ਭੇਸੈ ॥੧੧੭॥**

**ਸ਼ਬਦਾਰਥ** :—ਤ੍ਰਾਣ=ਸ਼ਕਤੀ । ਪ੍ਰਾਣ=ਜੀਵਨ, ਜ਼ਿੰਦਗੀ ।

**ਭਾਵਾਰਥ** :—ਜੀਵ ਮਾਤ੍ਰ ਦਾ ਤੂੰ ਹੀ ਤਾਣ ਹੈਂ, ਤੂੰ ਹੀ ਸਭ ਦਾ ਪ੍ਰਾਣ ਰੂਪ ਹੈਂ । ਹਰ ਦੇਸ ਵਿਚ, ਹਰ ਭੇਸ ਵਿਚ ਤੂੰ ਸਰਬ ਵਿਆਪਕ ਹੈਂ ।



www.AKJ.Org

ਕਾਵਿ ਭਾਵਾਰਥ: –

ਹਰ ਇਕ ਦੇਸ ਵਿਚ ਤੂੰ ਹੈਂ ਮੌਜੂਦ ਪ੍ਰੀਤਮ, ਵਰਤੇ ਹਰ ਥਾਂ ਹੀ ਤੇਰਾ ਤ੍ਰਾਣ ਦਾਤਾ !
ਹਰ ਇਕ ਭੇਸ ਚ ਤੇਰਾ ਦੀਦਾਰ ਹੁੰਦੈ, ਤੂੰ ਹੀ ਬਖਸ਼ਨੈਂ ਸਭ ਨੂੰ ਪ੍ਰਾਣ ਦਾਤਾ !

**ਕਿ ਸਰਬਤ੍ਰ ਮਾਨਯੈ ॥ ਸਦੈਵੰ ਪ੍ਰਧਾਨਯੈ ॥**
**ਕਿ ਸਰਬਤ੍ਰ ਜਾਪਯੈ ॥ ਕਿ ਸਰਬਤ੍ਰ ਥਾਪਯੈ ॥੧੧੮॥**

**ਸ਼ਬਦਾਰਥ** :–ਮਾਨਯੈ = ਮਾਨਤਾ ਪ੍ਰਾਪਤ ਹੈਂ । ਸਦੈਵੰ = ਸਦ + ਏਵੰ = ਸਦਾ ਹੀ । ਪ੍ਰਧਾਨਯੈ = ਮੁਖੀ, ਆਗੂ । ਜਾਪਯੈ = ਜਪਿਆ ਜਾ ਰਿਹਾ ਹੈਂ ।

**ਭਾਵਾਰਥ** :–ਸਭ ਵਿਚ ਤੇਰੀ ਹੀ ਮਾਨਤਾ ਹੈ, ਤੂੰ ਹੀ ਸਦਾ ਸਭ ਦਾ ਮੁਖੀ ਹੈਂ, ਸਭ ਤੇਰਾ ਜਾਪ ਹੀ ਕਰਦੇ ਹਨ, ਸਭ ਥਾਈਂ ਤੂੰ ਹੀ ਕਾਇਮ ਹੈਂ ।

ਕਾਵਿ ਭਾਵਾਰਥ : –

ਸਭ ਦੇ ਦਿਲਾਂ ਵਿਚ ਤੇਰੀ ਹੀ ਮਾਨਤਾ ਹੈ, ਤੂੰ ਹੀ ਮੁਖੀ, ਸਭ ਦਾ ਹੈਂ ਸਰਦਾਰ ਸੁਆਮੀ !
ਹਰ ਥਾਂ ਤੇਰਾ ਹੀ ਹੋ ਰਿਹੈ ਜਾਪ ਕੇਵਲ, ਕਾਇਮ ਦਾਇਮ ਹਰ ਥਾਏਂ ਦਾਤਾਰ ਸੁਆਮੀ !

**ਕਿ ਸਰਬਤ੍ਰ ਭਾਨੈ ॥ ਕਿ ਸਰਬਤ੍ਰ ਮਾਨੈ ॥**
**ਕਿ ਸਰਬਤ੍ਰ ਇੰਦ੍ਰੈ ॥ ਕਿ ਸਰਬਤ੍ਰ ਚੰਦ੍ਰੈ ॥੧੧੯॥**

**ਸ਼ਬਦਾਰਥ** :–ਭਾਨੈ = ਸੂਰਜ ਵਾਂਗ ਪਸਰਿਆ ਹੋਇਆ । ਇੰਦ੍ਰ = ਦੇਵਤਿਆਂ ਦਾ ਰਾਜਾ । ਚੰਦ੍ਰ = ਚੰਦ੍ਰਮਾ, ਚੰਨ ਵਾਂਗੂ ਚਾਨਣੀ ਤੇ ਸੀਤਲਤਾ ਦੇਣ ਵਾਲਾ ।

**ਭਾਵਾਰਥ** :–ਸਭ ਥਾਈਂ ਤੂੰ ਸੂਰਜ ਵਾਂਗ ਪ੍ਰਕਾਸ਼ ਫੈਲਾ ਰਿਹਾ ਹੈਂ । ਹਰ ਥਾਂ ਤੇਰੀ ਮਾਨਤਾ ਹੈ । ਤੂੰ ਦੇਵਤਿਆਂ ਦਾ ਰਾਜਾ ਹੈਂ ਅਤੇ ਚੰਨ ਵਾਂਗ ਸਭ ਥਾਵੇਂ ਚਾਨਣੀ ਤੇ ਸੀਤਲਤਾ ਵੰਡ ਰਿਹਾ ਹੈਂ ।

ਕਾਵਿ ਭਾਵਾਰਥ :–

ਹਰ ਥਾਂ ਸੂਰਜ ਸਮ ਪਸਰਿਐ ਤੇਜ ਤੇਰਾ, ਹਰ ਇਕ ਥਾਈਂ ਹੈ ਤੇਰਾ ਸਤਿਕਾਰ ਪ੍ਰੀਤਮ !
ਤੂੰ ਹੀ ਸਰਬ ਸ਼ੋਮਣੀ ਇੰਦ੍ਰ ਸੁਆਮੀ, ਚੰਨ ਵਾਂਗ ਸੀਤਲ ਚਮਕਦਾਰ ਪ੍ਰੀਤਮ !

**ਕਿ ਸਰਬੰ ਕਲੀਮੈ ॥ ਕਿ ਪਰਮੰ ਫ਼ਹੀਮੈ ॥**
**ਕਿ ਆਕਲ ਅਲਾਮੈ ॥ ਕਿ ਸਾਹਿਬ ਕਲਾਮੈ ॥੧੨੦॥**

**ਸਬਦਾਰਥ** :—ਕਲੀਮੈ = ਕਲਾਮ ਦਾ ਮਾਲਕ । ਸਰਬੰ ਕਲੀਮੈ = ਸਭ ਦੇ ਅੰਦਰੋਂ ਬੋਲਣ ਵਾਲਾ । ਫ਼ਹੀਮੈ = ਸਮਝ ਸੂਝ ਵਾਲਾ । ਅਲਾਮੈ = ਇਲਮ ਵਾਲਾ, ਵਿਦਿਆਵਾਨ । ਸਾਹਿਬ ਕਲਾਮੈ = ਸੁਹਣਾ ਬੋਲਣ ਵਾਲਾ ।

**ਭਾਵਾਰਥ** :–ਹਰ ਇਕ ਜੀਵ ਦੇ ਅੰਦਰ ਬੈਠਾ ਤੂੰ ਹੀ ਬੋਲ ਰਿਹਾ ਹੈਂ, ਤੂੰ ਉਚ ਸੂਝ ਤੇ ਅਕਲ ਵਾਲਾ ਵਿਦਿਆਵਾਨ ਹੈਂ ਅਤੇ ਬਾਣੀ ਦਾ ਧਨੀ ਹੈਂ ।

ਕਾਵਿ ਭਾਵਾਰਥ :–

ਹਰ ਇਕ ਜੀਵ ਚੋਂ ਤੂੰਹੀਓਂ ਹੀ ਬੋਲਦਾ ਹੈਂ, ਸਮਝ ਅਕਲ ਤੇਰੀ ਉਚ ਮਹਾਨ ਦਾਤਾ !
ਵਿਦਿਆਵਾਨ, ਗਿਆਨੀ ਤੂੰ ਮਹਾਨ ਆਲਮ, ਬੋਲਣ-ਕਲਾ ਵਿਚ ਪੂਰਨ ਵਿਦਵਾਨ ਦਾਤਾ !੧੨੦।

—o—



www.AKJ.Org

# 'ਸਭਨੀ ਛਾਲਾਂ ਮਾਰੀਆਂ'

[ਵਲੋਂ—ਸਾਰੰਗ ਜੀ, ਕਪੂਰਥਲਾ]

ਮੈਂ ਜੋਸਫਸ ਕਾਨਰੈਡ ਰਚਿਤ ਨਾਵਲ 'ਲਾਰਡ ਜਿਮ' ਪੜ੍ਹਿਆ। ਇਸ ਨਾਵਲ ਵਿੱਚਲੇ ਵਿਸ਼ੇਸ਼ ਪਾਤਰ ਜਿਮ ਦੀ ਘਟਨਾ ਸਾਡੇ ਉਤੇ ਠੀਕ ਘਟਦੀ ਹੈ।

੨੦ ਕੁ ਸਾਲਾਂ ਦਾ ਨੌਜਵਾਨ ਜਿਮ ਸਮੁੰਦਰੀ ਜਹਾਜ਼ ਉਤੇ ਕਪਤਾਨੀ ਦਾ ਕੋਰਸ ਕਰ ਰਿਹਾ ਹੈ। ਇਸ ਕੋਰਸ ਵਿਚ ਸਿਖਲਾਈ ਲਈ ਕਈ ਕਿਸਮ ਦੇ ਅਭਿਆਸ ਅਤੇ ਮਸ਼ਕਾਂ ਹੁੰਦੀਆਂ ਹਨ।

ਇਕ ਦਿਨ ਸਮੁੰਦਰੀ ਅਭਿਆਸ ਦੀ ਇਕ ਮਸ਼ਕ ਸੀ ਕਿ ਜੇ ਕਿਸੇ ਦੂਜੇ ਜਹਾਜ਼ ਨੂੰ ਖ਼ਤਰਾ ਪੇਸ਼ ਆ ਜਾਵੇ ਅੱਗ ਲਗਣ ਦਾ ਜਾਂ ਕੋਈ ਹੋਰ, ਤਾਂ ਉਸ ਦੀ ਕਿਵੇਂ ਸਹਾਇਤਾ ਕਰਨੀ ਹੈ। ਕਿਸੇ ਜਹਾਜ਼ ਨੂੰ ਖ਼ਤਰੇ ਵਿੱਚ ਵਿਖਾਇਆ ਗਿਆ ਅਤੇ ਟ੍ਰੇਨਿੰਗ ਤੇ ਆਏ ਹੋਏ ਸਾਰੇ ਵਿਦਿਆਰਥੀਆਂ ਨੂੰ ਅਚਾਨਕ ਹੁਕਮ ਹੋਇਆ ਕਿ ਉਹ 'ਜੀਵਨ-ਕਿਸ਼ਤੀਆਂ' (life-boats) ਵਿੱਚ ਇਕ-ਦਮ ਕੁਦ ਜਾਣ ਤੇ ਉਸ ਜਹਾਜ਼ ਦੀ ਹਰ ਤਰ੍ਹਾਂ ਸਹਾਇਤਾ ਕਰਨ। ਸਾਰੇ ਵਿਦਿਆਰਥੀ ਘੜੀ ਦੀ ਘੜੀ ਵਿੱਚ ਛਾਲਾਂ ਮਾਰ ਗਏ, ਪਰ ਜਹਾਜ਼ ਦੇ ਡੈੱਕ ਤੇ ਇਕੋ ਨੌਜਵਾਨ ਬਾਕੀ ਰਹਿ ਗਿਆ ਸੀ ਤੇ ਉਹ ਸੀ ਜਿਮ। ਉਹ ਚਾਹੁੰਦਾ ਹੋਇਆ ਵੀ ਛਾਲ ਨਹੀਂ ਸੀ ਮਾਰ ਸਕਿਆ। ਉਸ ਨੂੰ ਪਤਾ ਸੀ ਕਿ ਉਹ ਟ੍ਰੇਨਿੰਗ ਲਈ ਆਇਆ ਹੋਇਆ ਹੈ ਅਤੇ ਉਸਨੂੰ ਇਹਨਾਂ ਅਭਿਆਸਾਂ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣਾ ਚਾਹੀਦਾ ਹੈ, ਪਰ ਉਸਨੂੰ ਪਤਾ ਨਹੀਂ ਕੀ ਹੋ ਜਾਂਦਾ ਸੀ, ਐਨ ਮੌਕੇ ਤੇ ਉਸ ਦਾ ਅਮੋੜ ਮਨ ਛਲਾਂਗ ਨਹੀਂ ਸੀ ਮਾਰ ਸਕਦਾ। ਉਸ ਦਾ ਕਾਮਲ ਉਸਤਾਦ ਉਸਦੇ ਕੋਲ ਆ ਕੇ ਉਸਦੀ ਪਿੱਠ ਤੇ ਹੋਲੀ ਜਿਹੀ ਥਾਪੀ ਦਿੰਦਾ ਤੇ ਕਹਿੰਦਾ, "ਹਛਾ, ਫਿਰ ਸਹੀ"। ਉਸ ਨਾਵਲ ਵਿੱਚ ਜਿਮ ਸਾਰੀ ਉਮਰ ਐਨ ਲੋੜ ਸਮੇਂ ਦਿਲ ਛੱਡ ਜਾਂਦਾ ਦਿਖਾਇਆ ਗਿਆ ਹੈ। ਉਹ ਕਦੀ ਹੌਸਲੇ ਵਾਲਾ ਮਨੁੱਖ ਨਹੀਂ ਬਣਿਆ।

ਉਪਰੋਕਤ ਕਹਾਣੀ ਦਾ ਟੂਕ ਮਾਤਰ ਹਵਾਲਾ ਦੇਣ ਤੋਂ ਭਾਵ ਹੈ ਕਿ ਸਾਡੇ ਮਨਾਂ ਅੰਦਰ ਭੀ ਜਿਮ ਵਾਲਾ ਡਰਾਮਾ ਨਿਤ ਵਾਪਰਦਾ ਹੈ। ਸਾਨੂੰ ਪਤਾ ਹੈ ਕਿ ਅਸੀਂ ਇਸ ਸੰਸਾਰ ਦੀ ਜਗਿਆਸਾ ਉਤੇ (Training) ਆਏ ਹਾਂ। ਜੋ ਲੋਗ ਗੁਰੂ ਵਾਲੇ ਨਹੀਂ ਬਣੇ ਉਹ ਅਜੇ ਟ੍ਰੇਨਿੰਗ ਕੋਰਸ ਵਿੱਚ ਸ਼ਾਮਲ ਹੀ ਨਹੀਂ ਹੋਏ। ਪਰ ਮੈਂ ਗੁਰੂ ਵਾਲਿਆਂ ਦੀ ਗੱਲ ਭੀ ਕਰਾਂਗਾ, ਜੋ ਇਸ ਸੰਸਾਰ ਨੂੰ ਟ੍ਰੇਨਿੰਗ (ਜਗਿਆਸਾ) ਸਮਝਦੇ ਹਨ ਅਤੇ ਗੁਰੂ ਨੂੰ ਇਸ ਸੰਸਾਰ-ਸਮੁੰਦਰ ਵਿੱਚ ਗੁਰਮਤਿ ਰੂਪੀ ਜਹਾਜ਼ ਉਤੇ ਜੀਵਨ-ਜਾਚ ਸਿਖਾਣ ਵਾਲਾ ਰਹਿਬਰ। ਇਸ ਟ੍ਰੇਨਿੰਗ ਦੇ ਜਹਾਜ਼ ਵਿੱਚ ਮੇਰੇ ਵਰਗੇ ਅਨੇਕਾਂ ਜਿਮ ਹਨ, ਜੋ ਸਮਾਂ ਆਉਣ ਤੇ ਛਾਲ ਮਾਰਨ ਤੋਂ ਰਹਿ ਜਾਂਦੇ ਹਨ। ਸਾਡੀ ਤਾਂ ਇਹੋ ਅਰਦਾਸ ਹੈ ਕਿ ਪਾਤਸ਼ਾਹ ਸਾਨੂੰ ਆਪ ਬਲ ਬਖਸ਼ ਛਾਲ ਮਾਰ ਕੇ ਤੇਰੇ ਭਰੋਸੇ ਤੈਰਨ ਦਾ।

ਅਜ ਦੀ ਸਭਿਅਤਾ ਵਿੱਚ ਪੜ੍ਹਾਈ ਲਿਖਾਈ ਦਾ ਬੜਾ ਰਿਵਾਜ ਹੈ। ਹਰ ਵਿਅਕਤੀ ਇਹੋ ਜਤਨ ਕਰਦਾ ਹੈ ਕਿ ਉਹ ਆਪਣੇ ਬਚਿਆਂ ਨੂੰ ਵਧ ਤੋਂ ਵਧ ਸੰਸਾਰਕ ਤਾਲੀਮ ਦੇਵੇ। ਤਾਲੀਮ ਅਗੋਂ ਇਹੋ ਜਿਹੀ ਮਿਲਦੀ ਹੈ, ਚਾਹੇ ਸੰਸਾਰ ਦੇ ਕਿਸੇ ਕੋਨੇ ਵਿਚ ਪ੍ਰਾਪਤ ਕੀਤੀ ਜਾਏ, ਕਿ ਉਹ ਮਨੁਖ ਅੰਦਰ ਸ਼ੰਸੇ ਦਾ ਬੀਜ ਬੋ ਛਡਦੀ ਹੈ। ਕੁਝ ਦਿਨ ਹੋਏ, ਮੈਂ ਇਕ ਬਹੁਤ ਪੁਰਾਤਨ ਸਿਖ ਵਿਦਵਾਨ ਦੇ ਦਰਸ਼ਨ ਕਰਨ ਗਿਆ। ਜਿਥੇ ਉਨ੍ਹਾਂ ਦੀ ਵਿਦਵਤਾ ਦੀ ਪ੍ਰਸੰਸਾ ਕੀਤੇ ਬਿਨਾਂ ਨਹੀਂ ਰਹਿ ਸਕੀਦਾ ਉਥੇ ਇਹ ਦਸਣੋਂ ਭੀ ਸੰਕੋਚ ਨਹੀਂ ਕਰਾਂਗਾ ਕਿ ਉਸ ਵਿਦਵਾਨ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਬੜੀ ਹੈਰਾਨੀ ਹੋਈ, "ਮੈਂ ਭਾਵੇਂ ਕਿਤਨਾ ਭੀ ਪੜ੍ਹਿਆ ਹਾਂ, ਪਰ ਮੈਨੂੰ ਅਜੇ ਇਹ ਸਮਝ ਨਹੀਂ ਆਈ ਕਿ ਉਹ ਇਕ ਸ਼ਬਦ ਕਿਹੜਾ ਹੈ ਜਿਸ ਦੇ ਧਾਰਨ ਕੀਤਿਆਂ ਮਨੁਖ ਬਾਰ ਬਾਰ



www.AKJ.Org

ਜਨਮ ਮਰਨ ਦੇ ਗੇੜ ਵਿੱਚ ਨਹੀਂ ਪੈਂਦਾ—

ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ
ਬਾਹੁੜਿ ਜਨਮਿ ਨ ਆਵਾ ॥੧॥
[ਬਿਲਾਵਲੁ ਮ: ੧, ਪੰਨਾ ੭੯੫

ਮੈਂ ਅਜੇ ਤਕ ਸਖਣਾ ਹੀ ਰਿਹਾ ਹਾਂ।''

ਗੱਲ ਕੁਝ ਵੀ ਨਹੀਂ, ਸਾਨੂੰ ਇਹ ਪਤਾ ਹੈ ਕਿ 'ਵਾਹਿਗੁਰੂ' ਗੁਰਮੰਤਰ ਪੰਜਾਂ ਪਿਆਰਿਆਂ ਤੋਂ ਮਿਲਦਾ ਹੈ ਅਤੇ ਇਹੋ ਉਹ ਸ਼ਬਦ ਹੈ ਜੋ ਸਾਰੀ ਜਗਿਆਸਾ ਦਾ ਸਾਰ ਹੈ, ਪਰ ਵਿਚਲੀ ਕਸਰ ਸਾਡੇ ਮਨ ਨੂੰ ਜਿਮ ਵਾਲੀ ਹੈ, ਨਿਸਚਾ ਹੀ ਨਹੀਂ ਬਝਦਾ, ਛਾਲ ਹੀ ਨਹੀਂ ਮਾਰ ਹੁੰਦੀ। ਜ਼ਰਾ ਕਰੜਾ ਭਾਣਾ ਵਰਤਿਆ ਨਹੀਂ ਕਿ ਅਸੀਂ ਝਟ ਗੁਰੂ ਤੋਂ ਅਸ਼ਰਧਕ ਹੋ ਜਾਂਦੇ ਹਾਂ। ਸੁਖਣਾ ਸੁਖਦੇ ਹਾਂ, ਹੇ ਸਚੇ ਪਾਤਸ਼ਾਹ ਜੀ! ਜੇ ਮੇਰਾ ਅਮਕਾ ਕਾਰਜ ਰਾਸ ਹੋ ਜਾਵੇ ਤਾਂ ਮੈਂ ਅਖੰਡ ਪਾਠ ਕਰਾਵਾਂਗਾ। ਜੇ ਕਿਸੇ ਵੇਲੇ ਉਹ ਰਾਸ ਨਹੀਂ ਆਉ ਦਾ ਤਾਂ ਸਾਡੇ ਮਨ ਅੰਦਰ ਤ੍ਰੇੜਾਂ ਪੈ ਜਾਂਦੀਆਂ ਹਨ। ਗੁਰੂ ਨਾਲ ਸ਼ਰਤਾਂ ਕਢ ਕੇ ਤੁਰਨਾ ਅਜ ਦੀ ਤਾਲੀਮ ਦਾ ਕ੍ਰਿਸ਼ਮਾ ਹੈ।

ਪ੍ਰਹਿਲਾਦ ਨੂੰ ਜਿਸ ਵੇਲੇ ਲਾਲ ਗਰਮ ਥੰਮੇ ਨੂੰ ਜੱਫਾ ਮਾਰਨ ਲਈ ਵੰਗਾਰਿਆ ਗਿਆ ਸੀ ਤਾਂ ਉਸ ਨੇ ਫ਼ੌਰਨ ਗਲਵਕੜੀ ਪਾ ਲਈ ਸੀ, ਕਿਉਂਕਿ ਉਸ ਅੰਦਰ ਲਾਡ ਲਡਾਉਣ ਦਾ ਉਮਾਹਾ ਤੇ ਤਾਣ ਸੀ। ਸਿਖ ਇਤਿਹਾਸ ਵਿੱਚ ਸ਼ਹੀਦਾਂ ਸਿੰਘਾਂ ਦੀਆਂ ਲਾਸਾਨੀ ਕੁਰਬਾਨੀਆਂ ਇਸ ਜਗਿਆਸਾ ਦੇ ਅਤਿ ਕਰੜੇ ਇਮਤਿਹਾਨਾਂ ਦੇ ਤੁਲ ਹਨ। ਧੰਨ ਹਨ ਉਹ ਸੂਰਬੀਰ ਜਿਨ੍ਹਾਂ ਸਾਡੇ ਜਿਹੇ ਕਚੇ-ਪਿੱਲੇ ਮਨਾਂ ਵਾਲਿਆਂ ਲਈ ਰੋਸ਼ਨ-ਮੀਨਾਰ ਕਾਇਮ ਕੀਤੇ। ਚੜ੍ਹਦੀ ਕਲਾ ਵਿੱਚ ਛਾਲਾਂ ਮਾਰੀਆਂ।

ਭਾਈ ਦੁਨੀ ਚੰਦ ਦੇ ਸਰੀਰ ਦਾ ਜਿੰਨਾ ਵਡਾ ਆਕਾਰ ਸੀ, ਉਸ ਨੂੰ ਵੇਖ ਕੇ ਚੋਜੀ ਪ੍ਰੀਤਮ ਜੀ ਨੇ ਅਨੰਦਪੁਰ ਦੇ ਕਿਲ੍ਹੇ ਵਿੱਚ ਹੁਕਮ ਦੇ ਦਿਤਾ ਸੀ ਕਿ ਕਲ੍ਹ ਨੂੰ ਭਾਈ ਦੁਨੀ ਚੰਦ ਮਸਤ ਹਾਥੀ ਦਾ ਮੁਕਾਬਲਾ ਕਰੇਗਾ। ਪਰ ਦੁਨੀ ਚੰਦ ਗੁਰੂ ਨੂੰ ਭਾਉਂਦੀ ਛਾਲ ਤਾਂ ਨਾ ਮਾਰ ਸਕਿਆ, ਹਾਂ ਆਪਣੀ ਮਨ-ਮਰਜ਼ੀ ਦੀ ਛਾਲ ਉਸ ਜ਼ਰੂਰ ਮਾਰੀ ਤੇ ਹੱਡ ਗੋਡੇ ਤੁੜਾ ਬੈਠਾ। ਭਾ: ਬਚਿਤਰ ਸਿੰਘ ਨੇ ਜੋ ਛਾਲ ਮਾਰੀ ਉਹ ਉਸ ਨੇ ਗੁਰੂ ਤੋਂ ਥਾਪੀ ਲੈ ਕੇ ਮਾਰੀ। ਕੀ ਕਮਾਲ ਹੈ! ਇਕ ਛੋਟੇ ਜਿਹੇ ਆਕਾਰ ਦਾ ਭਾ: ਬਚਿਤਰ ਸਿੰਘ ਮਸਤ ਹੋਏ ਹਾਥੀ ਨੂੰ ਜਾ ਪਛਾੜਦਾ ਹੈ। ਇਹੋ ਤਾਂ ਛਾਲ ਮਾਰਨ ਵਾਲਿਆਂ ਦੀ ਕਰਣੀ ਦਾ ਉਹ ਪੱਖ ਹੈ ਜੋ ਮਨੁਖੀ ਅਕਲ ਦੀ ਪਹੁੰਚ ਤੋਂ ਪਰੇ ਹੈ। ਭਰੋਸਾ ਸਦਾ ,ਅਕਲ ਮੁਕਣ ਤੋਂ ਬਾਅਦ ਸ਼ੁਰੂ ਹੁੰਦਾ ਹੈ। ਛਾਲ ਭਰੋਸੇ ਬਿਨਾਂ ਨਹੀਂ ਮਾਰੀ ਜਾਂਦੀ। ਸਿਖ ਇਤਿਹਾਸ ਇਹੋ ਜਿਹੀਆਂ ਛਾਲਾਂ ਨਾਲ ਭਰਪੂਰ ਹੈ। ਜੋ ਲੋਗ ਗੁਰੂ ਤੇ ਭਰੋਸਾ ਕਰਕੇ—

ਤੇਰੇ ਭਰੋਸੈ ਪਿਆਰੇ ਮੈ ਲਾਡ ਲਡਾਇਆ ॥੧॥
[ਸਿਰੀ ਰਾਗੁ ਮ: ੫ ਘਰੁ ੭, ਪੰਨਾ ੫੧

ਛਾਲ ਮਾਰ ਦਿੰਦੇ ਹਨ, ਉਹਨਾਂ ਦਾ ਗੁਰੂ ਆਪ ਸਹਾਈ ਹੁੰਦਾ ਹੈ। ਪਰ ਜਿਹੜੇ ਗੁਰੂ ਆਸਰੇ ਨਾ ਹੋ ਕੇ, ਆਪਣੀ ਅਕਲ ਆਸਰੇ, ਛਾਲ ਮਾਰਨ ਤੋਂ ਖੁੰਜ ਜਾਂਦੇ ਹਨ, ਉਨ੍ਹਾਂ ਦੀ ਟ੍ਰੇਨਿੰਗ (ਜਗਿਆਸਾ) ਵਿਚੇ ਹੀ ਰਹਿ ਜਾਂਦੀ ਹੈ। ਗੁਰੂ ਦੀ ਮਤਿ ਲੈਣੀ ਤੇ ਆਪਣੀ ਮਤਿ ਛਡਣੀ, ਆਪਣੀ ਸਿਆਣਪ ਛਡਣੀ ਬੜੀ ਹੀ ਔਖੀ ਗੱਲ ਹੈ। ਇਸ ਤੋਂ ਬਿਨਾਂ ਛਾਲ ਵਜਣੀ ਨਹੀਂ।

ਮਨ ਕੀ ਮਤਿ ਤਿਆਗਹੁ ਹਰਿ ਜਨ
ਏਹਾ ਬਾਤ ਕਠੈਨੀ ॥੩॥ (੪॥੫)
[ਬਿਲਾਵਲੁ ਮ: ੪, ਪੰਨਾ ੮੦੦

ਤੇ ਛਾਲ ਉਹੀ ਬੰਦਾ ਮਾਰ ਸਕਦਾ ਹੈ ਜੋ ਗੁਰੂ ਆਸਰੇ ਹੋ ਕੇ ਛਾਲ ਮਾਰੇ। ਅਕਲ-ਆਸਰੇ ਤਾਂ ਰੁਕ ਰੁਕ ਕਦਮ ਹੀ ਮਸਾਂ ਪੁਟ ਹੁੰਦੇ ਹਨ।

ਚਾਲੀ ਮੁਕਤਿਆਂ ਨੇ ਆਪਣੀ ਅਕਲ ਤੋਂ ਕੰਮ ਲਿਆ ਸੀ। ਆਪਣੀ ਅਕਲ ਨਾਲ ਛਾਲ ਮਾਰੀ ਸੀ ਤੇ ਬੇਦਾਵਾ ਲਿਖ ਕੇ ਦੇ ਆਏ ਸਨ। ਪਰ ਜਦੋਂ ਗੁਰੂ-ਭਰੋਸੇ ਮੈਦਾਨੇ-ਜੰਗ ਵਿੱਚ ''ਕੁਦ'' ਪਏ ਤਾਂ ਚੋਜੀ ਪ੍ਰੀਤਮ ਜੀ ਨੇ ਇਕ ਇਕ ਨੂੰ ਪੁਚਕਾਰ



www.AKJ.Org

ਪੁਚਕਾਰ ਕੇ "ਇਹ ਮੇਰਾ ਪੰਜ-ਹਜ਼ਾਰੀ ਹੈ", "ਇਹ ਮੇਰਾ ਦਸ-ਹਜ਼ਾਰੀ ਹੈ", "ਇਹੋ ਜਿਹੇ ਖ਼ਿਤਾਬ ਦੇ ਕੇ ਜਗਿਆਸਾ ਸਫਲ ਕੀਤੀ।

ਅਸੀਂ ਸਮਝਦੇ ਹਾਂ ਕਿ ਗੁਰ ਦੇ ਭਰੋਸੇ ਛਾਲਾਂ ਮਾਰਨ ਵਾਲੇ ਮੌਤ ਦੇ ਮੂੰਹ ਵਿੱਚ ਜਾਂਦੇ ਹਨ। ਪਰ ਜਿਹੜੇ ਪਿਛੇ ਰਹਿੰਦੇ ਹਨ, ਜਾਂ ਜੋ ਮਨ-ਮਰਜ਼ੀ ਦੀਆਂ ਛਾਲਾਂ ਮਾਰਦੇ ਹਨ, ਕੀ ਉਹ ਨਹੀਂ ਮਰਦੇ ? ਜ਼ਰੂਰ ਮਰਦੇ ਹਨ। ਪਰ ਸੰਸਾਰਕ ਮੌਤੇ। ਗੁਰੂ ਮਹਾਰਾਜ ਜੀ ਨੇ ਠੀਕ ਹੀ ਤਾਂ ਫੁਰਮਾਇਆ ਹੈ—

ਜਗਿ ਮਰਣੁ ਨ ਭਾਇਆ, ਨਿਤ ਆਪੁ
ਲੁਕਾਇਆ, ਮਤ ਜਮੁ ਪਕਰੈ ਲੈ ਜਾਇ
ਜੀਉ ॥੨॥ [ਆਸਾ ਮ: ੪, ਪੰਨਾ ੪੪੭

ਮੌਤ ਨੇ ਤਾਂ ਪਿਛਾ ਨਹੀਂ ਛਡਣਾ, ਚਾਹੇ ਅਸੀਂ ਪਸਿੰਦ ਕਰੀਏ ਚਾਹੇ ਨਾ। ਮਰਨਾ ਤਾਂ ਪੈਣਾ ਹੀ ਹੈ, ਫਿਰ ਗੁਰੂ ਆਸਰੇ ਕਿਉਂ ਨਾ ਛਾਲ ਮਾਰ ਕੇ ਮਰੀਏ ?

ਪ੍ਰਸ਼ਨ ਉਠਦਾ ਹੈ ਕਿ ਕੀ ਛਾਲ ਮਾਰਨੀ ਜ਼ਰੂਰੀ ਹੈ ? ਇਸ ਨਾਲ ਕੀ ਲਾਭ ਹੁੰਦਾ ਹੈ ? ਅਤੇ ਜੋ ਛਾਲ ਨਹੀਂ ਮਾਰਦੇ ਉਹ ਪਹਿਲਿਆਂ ਨਾਲੋਂ ਕਿਵੇਂ ਘਾਟੇ ਵਿੱਚ ਹਨ ? ਬੇਨਤੀ ਹੈ ਕਿ ਗੁਰੂ ਵਾਲੇ ਬਣਨਾ ਹੀ ਇਕ ਵਡੀ ਛਾਲ ਮਾਰਨ ਦੇ ਬਰਾਬਰ ਹੈ। ਇਹ ਮਨੁੱਖ ਦੀ ਸਭ ਤੋਂ ਪਹਿਲੀ ਛਾਲ ਹੁੰਦੀ ਹੈ। ਜ਼ਰੂਰੀ ਇਸ ਲਈ ਹੈ ਕਿ ਗੁਰੂ ਤੇ ਭਰੋਸਾ ਕਰ ਕੇ ਚਲਣਾ ਕੋਈ ਮਾਮੂਲੀ (adventure) ਦਲੇਰੀ ਨਹੀਂ,

ਗੁਰੂ-ਆਸਰੇ ਤੁਰਨਾ, ਗੁਰੂ ਆਸਰੇ ਜੀਉਣਾ, ਆਪਣੀ ਅਕਲ ਤੇ ਆਪਣੀ ਹਉਮੈ ਨੂੰ ਮਾਰਨਾ, ਇਹ ਦੂਸਰੀ ਵੱਡੀ ਛਾਲ ਹੈ।

ਸਦਾ ਉਸ ਦੇ ਹੁਕਮ-ਰਜ਼ਾ ਵਿੱਚ ਖ਼ੁਸ਼ ਰਹਿਣਾ ਇਹ ਤੀਸਰੀ ਛਾਲ ਹੈ। ਇਹ ਜ਼ਰੂਰੀ ਇਸ ਲਈ ਹਨ, ਕਿ ਜੇ ਅਸਾਂ ਜਗਿਆਸਾ ਦਾ ਕੋਰਸ ਕਰਨਾ ਹੈ ਤਾਂ ਫਿਰ ਇਹ ਸਾਰੀਆਂ ਛਾਲਾਂ ਲਾਜ਼ਮੀ ਹਨ। ਤੇ ਜੇ ਕੋਰਸ ਨਹੀਂ ਕਰਨਾ ਤਾਂ ਅਜੇ ਚੌਰਾਸੀ ਦਾ ਕੋਰਸ ਹੀ ਸਹੀ।

ਕੋਈ ਇਹ ਸਵਾਲ ਪੁਛਦਾ ਹੈ ਕਿ ਆਖ਼ਰ ਗੁਰੂ-ਆਸਰੇ ਛਾਲਾਂ ਮਾਰਨ ਦਾ ਕੋਈ ਲਾਭ ਭੀ ਹੈ ? ਹਾਂ ! ਇਕ ਨਹੀਂ, ਬਹੁਤ ਲਾਭ ਹਨ। ਸਭ ਤੋਂ ਵਡਾ ਲਾਭ ਇਹੋ ਹੀ ਹੈ ਕਿ ਮਨੁਖ-ਡੱਡੂ ਖੂਹ ਦੀ ਕੈਦ ਤੋਂ ਆਜ਼ਾਦ ਹੋ ਕੇ ਅਨੰਤ ਦੇ 'ਅਨੰਤ-ਤਰੰਗੀ ਸਾਗਰ' ਵਿੱਚ ਛਾਲ ਮਾਰ ਦਿੰਦਾ ਹੈ ਤੇ ਡੁਬਦਾ ਫਿਰ ਭੀ ਨਹੀਂ। ਉਸ ਨੂੰ 'ਅਨੰਤ ਸਾਗਰ' ਵਿੱਚ ਤੈਰਨਾ ਆ ਜਾਂਦਾ ਹੈ। ਤੈਰਨਾ ਗੁਰੂ ਸਿਖਾਂਦਾ ਹੈ।

ਹਰਿ ਹਰਿ ਨਾਮੁ ਬੋਹਿਥੁ ਹੈ ਕਲਜੁਗਿ
ਖੇਵਟੁ ਗੁਰ ਸਬਦਿ ਤਰਹੁ ॥੧॥ (੪।.੪)
[ਬਿਲਾਵਲ ਮ: ੪, ਪੰਨਾ ੭੯੯

ਦੂਜੀ ਵੱਡੀ ਗੱਲ ਇਹ ਹੈ ਕਿ ਡੱਡੂ ਦਾ ਖੂਹ 'ਖੂਹ' ਹੀ ਹੈ, ਪਰ ਸਾਗਰ 'ਸਾਗਰ' ਹੈ; ਫ਼ਰਕ ਤਾਂ ਛਾਲ ਮਾਰਿਆਂ ਹੀ ਪਤਾ ਲਗਣਾ ਹੈ। ਫਿਰ, ਜੋ ਮਨੁੱਖ ਸਰੀਰਕ ਕਸਰਤ ਨਹੀਂ ਕਰਦੇ ਉਨ੍ਹਾਂ ਦਾ ਸਰੀਰ ਬੇ-ਢੱਬਾ, ਮਾੜਾ ਅਤੇ ਬੀਮਾਰੀ ਦਾ ਘਰ ਹੋ ਜਾਂਦਾ ਹੈ। ਇਹੋ ਦਸ਼ਾ ਮਨ ਦੀ ਹੈ, ਜੇ ਮਨ ਛਾਲਾਂ ਨਹੀਂ ਮਾਰਦਾ, ਤਾਂ ਨਾ ਉਸ ਵਿੱਚ ਕੁਦਣ ਦਾ ਚਾਉ ਪੈਦਾ ਹੁੰਦਾ ਹੈ, ਨਾ ਉਹ ਮਨ ਬਲਵਾਨ ਹੋ ਕੇ, ਪੰਜ ਵੱਡੇ ਠੱਗਾਂ ਦਾ ਮੁਕਾਬਲਾ ਕਰਨ ਦੀ ਕਦੀ ਹਿੰਮਤ ਕਰਦਾ ਹੈ। ਬਿਨਾਂ ਛਾਲਾਂ ਮਾਰਨ ਦੇ ਉਹ ਮੂਰਛਤ ਜਿਹੀ ਅਵਸਥਾ ਵਿਚ ਬੜਾ ਮਾੜੂ ਜਿਹਾ ਹੋਇਆ ਹੋਇਆ, ਕਦੇ ਰੱਬ ਨੂੰ, ਕਦੇ ਗੁਰੂ ਨੂੰ ਗਿਲੇ ਉਲਾਂਭੇ ਜਿਹੇ ਦੇਈ ਜਾਏਗਾ। ਪਰ ਗੁਰੂ ਤੋਂ ਸੁਸਿਖਿਅਤ ਹੋਇਆ ਮਨ ਮਸਤ ਹੋ ਕੇ ਗਾਉਂਦਾ ਫਿਰਦਾ ਹੈ—

ਜਨ ਕਉ ਪ੍ਰਭ ਅਪਨੇ ਕਾ ਤਾਣੁ ॥ ਜੋ ਤੂ
ਕਰਹਿ ਕਰਾਵਹਿ ਸੁਆਮੀ ਸਾ ਮਸਲਤਿ
ਪਰਵਾਣੁ ॥ਰਹਾਉ॥
[ਧਨਾਸਰੀ ਮ: ੫, ਪੰਨਾ ੬੭੭

ਜਿਨ੍ਹਾਂ ਗੁਰੂ ਕੇ ਪਿਆਰਿਆਂ ਨੇ, ਗੁਰੂ ਦੇ ਬਣ ਕੇ ਭਵ-ਸਾਗਰ ਵਿਚ ਛਾਲਾਂ ਮਾਰ ਦਿੱਤੀਆਂ, ਉਹ ਗੁਰੂ-ਆਸਰੇ ਪਾਰ ਹੋ ਗਏ। ਮੇਰੇ ਵਰਗੇ, ਨਿਤਾਣੇ, ਵਹਿਮੀ, ਸੰਸਾ ਕਰਨ ਵਾਲੇ, ਪੜ੍ਹੇ ਲਿਖੇ, ਸਿਆਣਪਾਂ ਖਾਧੇ, ਭਵ-ਸਾਗਰ ਦੀਆਂ ਜ਼ਬਰਦਸਤ

[ਬਾਕੀ ਦੇਖੋ ਸਫ਼ਾ ੨੧ ਦੇ ਹੇਠ]



www.AKJ.Org

# ਦਾੜ੍ਹੀ ਦੇ ਰੋਮ ਗ਼ਮਗੀਨੀ ਤੇ ਪ੍ਰੇਸ਼ਾਨੀ ਤੋਂ ਬਚਾਂਦੇ ਹਨ

[ ਸ: ਸਰੂਪ ਸਿੰਘ ਜੀ ਅਲਗ, ਭਾਸ਼ਾ ਅਫ਼ਸਰ, ਬਿਜਲੀ ਬੋਰਡ, ਪਟਿਆਲਾ ]

ਪਟਿਆਲਾ—ਗੁਰਬਾਣੀ ਵਿਚਾਰ ਕੇਂਦਰ ਪਟਿਆਲਾ ਵਿਚ ਲੈਕਚਰ ਕਰਦਿਆਂ ਸ: ਸਰੂਪ ਸਿੰਘ ਜੀ ਅਲਗ ਭਾਸ਼ਾ ਅਫ਼ਸਰ ਬਿਜਲੀ ਬੋਰਡ ਨੇ ਅਮਰੀਕਾ ਅਤੇ ਹੋਰ ਪਛਮੀ ਦੇਸ਼ਾਂ ਵਿਚ ਕੇਸਾਂ ਬਾਰੇ ਹੋਈ ਤਾਜ਼ੀ ਖੋਜ ਦਾ ਭਰਪੂਰ ਵਰਨਣ ਕਰਦਿਆਂ ਹੋਇਆਂ ਦਸਿਆ ਕਿ ਕੇਸਾਂ ਵਿਚ ਇਹ ਸ਼ਕਤੀ ਹੈ ਕਿ ਉਹ ਵਾਹਿਗੁਰੂ ਦੀ ਅਗੰਮੀ ਬਾਣੀ ਦਾ ਦਿਮਾਗ ਵਿਚ ਸਿੰਚਾਰ ਕਰਨ ਦਾ ਮੁਖ ਸਾਧਨ ਬਣਦੇ ਹਨ ਅਤੇ ਮਨੁਖੀ ਸਰੀਰ ਲਈ ਵਿਟਾਮਿਨ ਡੀ. ਦੀ ਸਪਲਾਈ ਲਈ ਇਕ ਫੈਕਟਰੀ ਦਾ ਕੰਮ ਕਰਦੇ ਹਨ।

ਦਾੜ੍ਹੀ ਦੇ ਵਾਲਾਂ ਵਿਚ ਇਹ ਸਿਫ਼ਤ ਹੈ ਕਿ ਉਹ ਵਾਤਾਵਰਨ ਵਿਚ ਭਰੀਆਂ ਪਈਆਂ ਉਨ੍ਹਾਂ ਨੁਕਸਾਨ-ਦੇਹ ਤਰੰਗਾਂ ਨੂੰ ਸਰੀਰ ਵਿਚ ਨਹੀਂ ਜਾਣ ਦੇਂਦੇ, ਜਿਹੜੀਆਂ ਮਨੁਖੀ ਸੁਭਾਅ ਵਿਚ ਗ਼ਮਗੀਨੀ ਤੇ ਪ੍ਰੇਸ਼ਾਨੀ ਦਾ ਕਾਰਨ ਬਣਦੀਆਂ ਹਨ। ਇਸ ਲਈ ਹੋਰ ਗੱਲਾਂ ਦੇ ਨਾਲ ਨਾਲ ਇਕ ਇਹ ਵੀ ਕਾਰਨ ਹੈ ਕਿ ਸਿਖ ਖਾਸ ਕਰਕੇ ਖੁਸ਼-ਰਹਿਣੇ, ਉਤਸ਼ਾਹੀ, ਜੋਸ਼ੀਲੇ ਤੇ ਚੜ੍ਹਦੀ ਕਲਾ ਦੀ ਅਵਸਥਾ ਵਿਚ ਰਹਿੰਦੇ ਹਨ।

ਗੁਰਬਾਣੀ ਵਿਚਾਰ ਕੇਂਦਰ ਦੇ ਮੈਂਬਰਾਂ ਨੇ ਸ੍ਰੀ ਅਲਗ ਨੂੰ ਬੇਨਤੀ ਕੀਤੀ ਕਿ ਇਸ ਖੋਜ ਨੂੰ ਇਕ ਟ੍ਰੈਕਟ ਵਜੋਂ ਛਪਵਾ ਕੇ ਨੌਜਵਾਨਾਂ ਵਿਚ ਵੰਡਿਆ ਜਾਵੇ ਤਾਂ ਜੁ ਉਹਨਾਂ ਨੂੰ ਕੇਸਾਂ ਦੀ ਮਹਾਨਤਾ ਬਾਰੇ ਜਾਗਰਤੀ ਮਿਲੇ ਅਤੇ ਪਤਤਪੁਣੇ ਦੀ ਬਜਰ ਅਵਗਿਆ ਨੂੰ ਠਲ੍ਹ ਪੈ ਸਕੇ।

[ ਅਕਾਲੀ ਪੱਤ੍ਰਕਾ ਜਲੰਧਰ; 6.7.77

---

[ਸਫ਼ਾ ੨੦ ਦੀ ਬਾਕੀ]

ਲਹਿਰਾਂ ਨੂੰ ਕਿਨਾਰੇ ਬੈਠੇ ਹੀ ਦੇਖ ਰਹੇ ਹਨ; ਛਾਲਾਂ ਮਾਰਨ ਦਾ ਹੀਆ ਹੀ ਨਹੀਂ ਪੈਂਦਾ। ਕਿਨਾਰੇ ਤੇ ਬੈਠੇ ਬੈਠੇ ਹੀ ਭਵ-ਸਾਗਰ ਦੀਆਂ ਪ੍ਰਚੰਡ ਲਹਿਰਾਂ ਨੇ ਕਈ ਵਾਰੀ ਸਾਨੂੰ ਜ਼ਖਮੀ ਕੀਤਾ ਹੈ। ਅਸੀਂ ਕਈ ਵਾਰੀ ਲਹਿਰਾਂ ਤੇ ਨਾਰਾਜ਼ ਭੀ ਹੋਏ ਹਾਂ। ਰੱਬ ਨੂੰ ਭੀ ਕੋਸਿਆ ਹੈ। ਪਰ ਕਮਜ਼ੋਰ ਹੋਣ ਕਰਕੇ ਛਾਲ ਨਹੀਂ ਮਾਰ ਸਕੇ। ਬੈਠੇ ਹਾਂ, ਕਦੀ ਕੋਈ ਪਾਰ ਲੰਘਾਏ!

ਰਾਹੁ ਦਸਾਈ ਨ ਜੁਲਾਂ ਆਖਾਂ ਅੰਮੜੀਆਸੁ ॥
ਤੈ ਸਹ ਨਾਲਿ ਅਕੂਅਣਾ ਕਿਉ ਥੀਵੈ
ਘਰਿ ਵਾਸੁ ॥੩॥ [ਵਡਹੰਸੁ ਮ: ੧, ਪੰਨਾ ੫੭੭

ਦੂਜੇ ਪਾਸਿਓਂ ਲਹਿਰਾਂ ਇਹ ਸੁਨੇਹਾ ਲਿਆ ਲਿਆ ਕਹਿੰਦੀਆਂ ਹਨ। ਆਵਾਜ਼ ਭੀ ਕੰਨੀਂ ਪੈਂਦੀ ਹੈ, ਪਰ ਪੜ੍ਹ ਪੜ੍ਹ ਕੇ ਕੜ ਚੁਕੇ ਹਾਂ। ਹੌਸਲਾ ਨਹੀਂ ਪੈਂਦਾ। ਬਾਣੀ ਦੀ ਆਵਾਜ਼ ਸੁਣੀਦੀ ਹੈ—

ਤਿਨ ਘੋਲਿ ਘੁਮਾਈ ਜਿਨ ਪ੍ਰਭੁ ਸ੍ਰਵਣੀ
ਸੁਣਿਆ ਰਾਮ ॥ ਸੇ ਸਹਜਿ ਸੁਹੇਲੇ ਜਿਨ ਹਰਿ
ਹਰਿ ਰਸਨਾ ਭਣਿਆ ਰਾਮ ॥ ਸੇ ਸਹਜਿ
ਸੁਹੇਲੇ ਗੁਣਹ ਅਮੋਲੇ ਜਗਤ ਉਧਾਰਣ
ਆਏ ॥ ਭੈ ਬੋਹਿਥ ਸਾਗਰ ਪ੍ਰਭ ਚਰਣਾ ਕੇਤੇ
ਪਾਰਿ ਲਘਾਏ ॥ ਜਿਨ ਕੰਉ ਕ੍ਰਿਪਾ ਕਰੀ
ਮੇਰੈ ਠਾਕੁਰਿ ਤਿਨ ਕਾ ਲੇਖਾ ਨ ਗਣਿਆ ॥
ਕਹੁ ਨਾਨਕ ਤਿਸੁ ਘੋਲਿ ਘੁਮਾਈ ਜਿਨਿ
ਪ੍ਰਭੁ ਸ੍ਰਵਣੀ ਸੁਣਿਆ ॥੧॥

[ਵਡਹੰਸ ਮ: ੫ ਛੰਤ, ਪੰਨਾ ੫੭੭

ਸਚ ਮੁਚ ਸਾਡੀ ਹਾਲਤ ਭੀ ਉਹੋ ਜਿਹੀ ਜਾਪਦੀ ਹੈ ਜਿਵੇਂ ਲੇਖ ਦੇ ਆਰੰਭ ਵਿਚ 'ਜਿਮ' ਦੀ ਸੀ। ਅਸੀਂ ਸਾਰੀ ਉਮਰ ਡਰੂ ਜਿਹੇ ਬਣ ਕੇ ਮਰੂ ਮਰੂ ਕਰਦੇ ਰਹਿਣਾ ਹੈ। ਗੁਣਵੰਤੀਆਂ ਨੇ ਸਹੁ ਪਾ ਲੈਣਾ ਹੈ, ਅਸੀਂ ਕੂਕਦਿਆਂ ਹੀ ਵਿਹਾ ਦੇਣੀ ਹੈ।

ਸਭੇ ਕੰਤੈ ਰਤੀਆ ਮੈ ਦੋਹਾਗਣਿ ਕਿਤੁ ॥
ਮੈ ਤਨਿ ਅਵਗਣ ਏਤੜੇ ਖਸਮੁ ਨ ਫੇਰੇ
ਚਿਤੁ ॥੩॥ (੧੫)

[ਮ: ੧, ਵਾਰ ਸੂਹੀ, ਪੰਨਾ ੭੯੦



www.AKJ.Org

# ਪਾਵਨ ਬੀੜਾਂ : ਪਦ ਛੇਦ ?

ਕੌਮ ਦੀ ਬਦਕਿਸਮਤੀ ਹੈ ਕਿ ਪੰਥ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੀ ਮਾਇਆ ਦੇ ਵਪਾਰੀ ਦੁਕਾਨਦਾਰਾਂ ਵਾਂਗ, ਮਾਇਆ ਦੇ ਪ੍ਰਭਾਵ ਹੇਠ ਰੁੜ੍ਹੀ ਜਾ ਰਹੀ ਹੈ। ਗੁਰਮਤਿ ਨੂੰ ਮਨਮਤ ਤੋਂ ਨਿਤਾਰਨ ਦੀ ਥਾਂ, ਗੁਰਮਤਿ ਅਸੂਲਾਂ ਦੀ ਰਾਖੀ ਕਰਨ ਦੀ ਥਾਂ, ਜੇ ਕਮੇਟੀ ਆਪ ਹੀ ਮਨਮਤੀ ਕਰਮਾਂ ਦੇ ਮਗਰ ਲਗ ਤੁਰੇ ਤਾਂ ਬਜ਼ਾਰੀ ਦੁਕਾਨਦਾਰਾਂ ਵਲੋਂ ਹੋ ਰਹੀ ਘੋਰ ਮਨਮਤਿ ਤੇ ਬੇਅਦਬੀ ਨੂੰ ਰੋਕਣ ਲਈ ਕਿਸ ਤੋਂ ਆਸ ਰੱਖੀਏ ?

ਸ਼੍ਰੋਮਣੀ ਕਮੇਟੀ ਨੇ ਹੁਣੇ ਜਿਹੇ ਜੋ ਪਦ-ਛੇਦ ਬੀੜ ਛਾਪੀ ਹੈ, ਇਸ ਵਿਚ ਵਖਰੇ ਵਖਰੇ ਛਾਪੇ ਗਏ ਸ਼ਬਦਾਂ ਦੇ ਪਦ-ਛੇਦ ਕਿਹੜੇ ਪੰਥ ਨੇ ਨਿਰਣੇ ਕੀਤੇ ਹਨ ? ਕੀ ਕੋਈ ਹਿਕ ਥਾਪੜ ਕੇ ਕਹਿ ਸਕਦਾ ਹੈ ਕਿ ਇਹ ਪਦ-ਛੇਦ ਦਰੁਸਤ ਹਨ ? ਇਹ ਕਹਿਣਾ ਕਿ ਬਜ਼ਾਰੀ ਦੁਕਾਨਦਾਰਾਂ ਨਾਲੋਂ ਕਮੇਟੀ ਦੀ ਬੀੜ ਦੇ ਪਦ-ਛੇਦ ਵਧੇਰੇ ਦਰੁਸਤ ਹਨ, ਕੋਈ ਵਡਿਆਈ ਨਹੀਂ, ਅਤੇ ਨਾ ਹੀ ਕੋਈ ਅਸਲ ਬਾਤ ਹੈ। ਜੇ ਬਜ਼ਾਰ ਵਾਲਿਆਂ ਦੇ ਹਜ਼ਾਰ ਤੋਂ ਵਧ ਅਜਿਹੇ ਪਾਠ ਹਨ ਜਿਨ੍ਹਾਂ ਬਾਰੇ ਪੰਥ ਵਿਚ ਮਤ-ਭੇਦ ਹਨ ਤਾਂ ਕਿਹਾ ਜਾ ਸਕਦਾ ਹੈ ਕਿ ਕਮੇਟੀ ਦੇ ਹਜ਼ਾਰ ਤੋਂ ਕੁਝ ਘਟ ਮਤ-ਭੇਦ ਵਾਲੇ ਪਾਠ ਹੋਣਗੇ। ਪ੍ਰਮਾਣ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਮੰਗਲ "੧ ਓ ਸਤਿਗੁਰਪ੍ਰਸਾਦਿ" ਨੂੰ ਹੀ ਲੈ ਲਓ। ਇਹ ਮੰਗਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੈਂਕੜੇ ਵਾਰ ਆਇਆ ਹੈ, ਅਤੇ ਹੁਣ ਤਕ ਸਿਖ ਸੰਗਤਾਂ ਤੇ ਪੰਥ ਦੇ ਵਿਦਵਾਨ ਇਸ ਦਾ ਪਦ-ਛੇਦ ਇਉਂ ਕਰ ਰਹੇ ਹਨ—"੧ ਓ ਸਤਿਗੁਰ ਪ੍ਰਸਾਦਿ ॥"

ਪਰ ਕੁਝ ਸੋਝੀਵਾਨ ਗੁਰਸਿਖ ਜਗਿਆਸੂਆਂ ਨੂੰ ਗੁਰੂ ਪਾਤਸ਼ਾਹ ਨੇ ਸੋਝੀ ਬਖ਼ਸ਼ੀ ਅਤੇ ਗੁਰਬਾਣੀ ਦੇ ਅੰਦਰੋਂ ਹੀ ਹੋਰ ਮੰਗਲਾਂ ਦੀ ਸੇਧ ਵਿਚ ਅਗਵਾਈ ਦਿਤੀ ਕਿ ਇਹ ਪਦ-ਛੇਦ ਅਸੀਂ ਆਪਣੀ ਮਤਿ ਅਨੁਸਾਰ ਗ਼ਲਤ ਕਰ ਰਹੇ ਹਾਂ। ਗੁਰੂ ਦੀ ਮਤਿ 'ਗੁਰਬਾਣੀ' ਹੈ। ਜੋ ਗੁਰਬਾਣੀ ਵਿਚੋਂ ਅਗਵਾਈ ਮਿਲੇ ਉਹ ਸਹੀ ਰੂਪ ਹੈ ਅਤੇ ਉਸੇ ਨੂੰ ਅਪਣਾ ਕੇ ਸਾਨੂੰ ਆਪਣੀ ਮਤਿ ਤਿਆਗਣੀ ਬਣਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਮੰਗਲਾਂ ਦੇ ਹੇਠ ਲਿਖੇ ਸਰੂਪ ਹਨ :—

(੧) ੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

(੨) ੧ਓ ਸਤਿ ਨਾਮੁ ਕਰਤਾ ਪੁਰਖੁ ... ... ... ... ... ... ... ... ... ... ... ... ... ... ਗੁਰਪ੍ਰਸਾਦਿ ॥

(੩) ੧ਓ ਸਤਿ ਨਾਮੁ...... ... ... ... ... .. ... ... .. ... ... ... ... ... ... ਗੁਰਪ੍ਰਸਾਦਿ ॥

(੪) ੧ਓ ਸਤਿ ... ... ... ... ... ... ... ... ... ... ... ... ... ... .. ... ... ਗੁਰਪ੍ਰਸਾਦਿ ॥

ਉਪਰੋਕਤ ਮੰਗਲਾਂ ਨੂੰ ਧਿਆਨ ਨਾਲ ਵੇਖੀਏ, ਪੜ੍ਹੀਏ ਅਤੇ ਵੀਚਾਰੀਏ ਤਾਂ ਸਾਨੂੰ ਇਨ੍ਹਾਂ ਵਿਚਲੀ ਸਾਂਝ ਪਰਤੱਖ ਨਜ਼ਰੀ ਆ ਜਾਏਗੀ—

ਚਹੁੰਆਂ ਹੀ ਮੰਗਲਾਂ ਵਿਚ '੧ਓ' ਦੀ ਸਾਂਝ ਹੈ, ਚਹੁੰਆਂ ਵਿਚ ਹੀ 'ਸਤਿ' ਦੀ ਸਾਂਝ ਹੈ ਅਤੇ ਚਹੁੰਆਂ ਵਿਚ ਹੀ 'ਗੁਰ ਪ੍ਰਸਾਦਿ' ਦੀ ਸਾਂਝ ਹੈ। ਇਸ ਪਰਤੱਖ ਸਬੂਤ ਦੇ ਹੁੰਦਿਆਂ ਆਖ਼ਰੀ ਮੰਗਲ ਵਿਚ 'ਗੁਰ ਪ੍ਰਸਾਦਿ'



www.AKJ.Org

ਦੀ ਬਾਕੀ ਮੰਗਲਾਂ ਨਾਲੋਂ ਸਾਂਝ ਤੋੜ ਕੇ ਇਸ ਨੂੰ ਪਦ-ਛੇਦ ਕਰ ਕੇ, ਨਿਰਾ 'ਪ੍ਰਸਾਦਿ' ਰਹਿਣ ਦਿੱਤਾ ਜਾਂਦਾ ਹੈ ਅਤੇ ਮੁਢਲੇ 'ਸਤਿ' ਦੇ ਨਾਲ 'ਗੁਰ' ਜੋੜ ਕੇ 'ਸਤਿਗੁਰ' ਬਣਾਈ ਜਾ ਰਹੇ ਹਨ, ਜੋ ਗੁਰਬਾਣੀ ਵਿਚਲੇ ਬਾਕੀ ਮੰਗਲਾਂ ਦੀ ਰੌਸ਼ਨੀ ਵਿਚ ਦਰੁਸਤ ਨਹੀਂ।

ਇਨ੍ਹਾਂ ਚਹੁੰਆਂ ਮੰਗਲਾਂ ਵਿਚ '੧ਓ' ਦੇ ਸਰੂਪ ਦੀ ਵਿਆਖਿਆ ਹੈ। ਪਹਿਲੇ ਮੰਗਲ ਵਿਚ ਉਸ ੧ਓ ਦਾ ਨਾਮ ਸਤਿ, ਅਤੇ ਉਸ ਨੂੰ ਪੁਰਖ ਅਤੇ ਕਰਤਾ ਕਰਕੇ ਬਿਆਨਿਆ ਹੈ। ਹੋਰ ਵਿਆਖਿਆ ਕਰਦਿਆਂ ਦਸਿਆ ਹੈ ਕਿ ਉਹ ਨਿਰਭਉ ਹੈ, ਨਿਰਵੈਰ ਹੈ, ਉਸ ਦੀ ਮੂਰਤ, ਭਾਵ ਸ੍ਵਰੂਪ ਕਾਲ ਰਹਿਤ ਹੈ, ਉਹ ਜੂਨਾਂ ਵਿਚ ਨਹੀਂ ਆਉਂਦਾ ਅਤੇ ਉਹ ਸੁਤੇ ਪ੍ਰਕਾਸ਼ ਹੈ, ਪਰ ਉਸ ਦੀ ਪ੍ਰਾਪਤੀ ਗੁਰੂ ਦੀ ਕਿਰਪਾ ਦੁਆਰਾ ਹੀ ਹੁੰਦੀ ਹੈ।

ਦੂਜੇ ਮੰਗਲ ਵਿਚ ੧ਓ ਦੀ ਵਿਆਖਿਆ ਰਤਾ ਸੰਖੇਪ ਕਰ ਦਿਤੀ ਹੈ ਕਿ ਉਸ ਦਾ ਨਾਮ ਸਤਿ ਹੈ। ਉਹ ਪੁਰਖ ਹੈ ਅਤੇ ਸਭ ਕਾਸੇ ਦਾ ਕਰਤਾ ਹੈ, ਪਰ ਉਸ ਦੀ ਸੋਝੀ ਗੁਰੂ-ਕਿਰਪਾ ਨਾਲ ਹੀ ਹੁੰਦੀ ਹੈ।

ਤੀਜੇ ਮੰਗਲ ਵਿਚ ਹੋਰ ਸੰਖੇਪਤਾ ਤੋਂ ਕੰਮ ਲਿਆ ਹੈ ਅਤੇ ਉਸ ਵਾਹਿਗੁਰੂ ਦਾ ਨਾਮ ਐਸਾ ਹੈ ਜੋ ਸਤਿ ਹੈ, ਅਬਿਨਾਸ਼ੀ ਹੈ, ਅਟੱਲ ਹੈ, ਪਰ ਉਸ ਦੀ ਸਮਝ ਗੁਰੂ ਦੀ ਮਿਹਰ ਨਾਲ ਹੀ ਪੈਂਦੀ ਹੈ।

ਚੌਥੇ ਮੰਗਲ ਵਿਚ ੧ਓ ਦੀ ਵਿਆਖਿਆ ਘਟ ਤੋਂ ਘਟ 'ਲਫ਼ਜ਼ਾਂ' ਵਿਚ ਬਿਆਨ ਕੀਤੀ ਹੈ। ਉਸ ਵਾਹਿਗੁਰੂ ਦਾ ਸਰੂਪ ਕੇਵਲ ਇਕੋ ਸ਼ਬਦ "ਸਤਿ" ਕਹਿ ਕੇ ਸਭ ਕੁਝ ਪਰਤੱਖ ਕਰ ਵਿਖਾਇਆ ਹੈ। "ਸਤਿ" ਸ਼ਬਦ ਆਪਣੇ ਆਪ ਵਿਚ ਮੁਕੰਮਲ ਸ਼ਬਦ ਹੈ, ਜਿਸ ਦੀ ਸ੍ਰੀ ਗ੍ਰੰਥ ਸਾਹਿਬ ਵਿਚ ਅਨੇਕਾਂ ਥਾਈਂ ਵਰਤੋਂ ਮਿਲਦੀ ਹੈ। ਜਿਹਾ ਕਿ—

ਸਤਿ ਸਤਿ ਸਤਿ ਸਤਿ ਸਤਿ ਗੁਰਦੇਵ ॥ [ਭੈਰਉ ਨਾਮਦੇਉ ਜੀ, ਪੰਨਾ ੧੧੬੬

ਸਤਿ ਸਤਿ ਸਤਿ ਪ੍ਰਭੁ ਜਾਤਾ ॥ ਗੁਰ ਪਰਸਾਦਿ ਸਦਾ ਮਨੁ ਰਾਤਾ ॥......੧੫॥

[ਮਾਰੂ ਸੋਲਹੇ ਮ: ੧, ਪੰਨਾ ੧੦੭੨

ਸਤਿ ਸਤਿ ਸਤਿ ਗੁਰਿ ਨਾਮੁ ਦ੍ਰਿੜਾਇਆ ਰਸਿ ਗਾਏ ਗੁਣ ਪਰਮਾਨੰਦਾ ॥੧॥ਰਹਾਉ॥

[ਗੁਰੂ ਨੇ ਸਤਿ ਸਰੂਪ ਨਾਮ ਨੂੰ ਦ੍ਰਿੜ੍ਹਾਇਆ ਹੈ] ਆਸਾ ਮ: ੪, ਪੰਨਾ ੩੬੭

ਸਤਿ ਸਤਿ ਸਤਿ ਨਾਨਕਿ ਕਹਿਆ ਅਪੁਨੇ ਹਿਰਦੈ ਦੇਖੁ ਸਮਾਲੇ ॥੪॥੩॥੪੨॥

[ਸਤਿ ਸਰੂਪ ਪ੍ਰਭੂ ਨੂੰ ਨਾਨਕ ਨੇ ਕਿਹਾ ਹੈ] ਆਸਾ ਮ: ੫, ਪੰਨਾ ੩੮੧

ਸਤਿ ਸਤਿ ਸਤਿ ਪ੍ਰਭੁ ਸੋਈ ॥ ਸਦਾ ਸਦਾ ਸਦ ਆਪੇ ਹੋਈ ॥......੪॥੨੬॥੩੩॥

[ਮਾਝ ਮਹਲਾ ੫, ਪੰਨਾ ੧੦੪

ਸਤਿ ਸਤਿ ਸਤਿ ਪ੍ਰਭੁ ਸੁਆਮੀ ॥ ਗੁਰ ਪਰਸਾਦਿ ਕਿਨੈ ਵਖਿਆਨੀ ॥......੮॥੧੨॥

[ਗਉੜੀ ਸੁਖਮਨੀ ਮ: ੫, ਪੰਨਾ ੨੭੯

ਪ੍ਰਭੂ ਦੇ ਉਸ ਸਰੂਪ ਨੂੰ ਜੋ ਸਦਾ ਅਸਥਿਰ ਹੈ, ਕਦੇ ਨਾਸ ਨਹੀਂ ਹੁੰਦਾ, ਅਚੱਲ ਹੈ, ਅਟੱਲ ਹੈ, ਅਬਿਨਾਸ਼ੀ ਹੈ, ਗੁਰਬਾਣੀ ਵਿਚ 'ਸਤਿ' ਕਰਕੇ ਬਿਆਨਿਆ ਗਿਆ ਹੈ।

ਚੌਥੇ ਮੰਗਲ ਵਿਚ ੧ਓ (ਵਾਹਿਗੁਰੂ) ਨੂੰ 'ਸਤਿ' ਕਰ ਕੇ ਬਿਆਨਿਆ ਹੈ ਅਤੇ ਦਸਿਆ ਹੈ ਕਿ ਇਸ 'ਸਤਿ' ਦੀ ਲਖਤਾ ਗੁਰੂ ਦੀ ਬਖ਼ਸ਼ਸ਼ ਨਾਲ ਹੀ ਹੁੰਦੀ ਹੈ, ਐਵੇਂ ਨਹੀਂ। ਸੋ ਇਸ ਮੰਗਲ ਦਾ ਗੁਰਬਾਣੀ ਦੀ ਅੰਦਰੂਨੀ ਗਵਾਹੀ ਅਨੁਸਾਰ ਨਿਖੜਵਾਂ ਸਰੂਪ ਇਉਂ ਹੋਇਆ—

**੧ਓ ਸਤਿ ਗੁਰਪ੍ਰਸਾਦਿ ॥**

ਜਦੋਂ ਇਹ ਮੁਢਲਾ ਮੰਗਲ ਹੀ ਪਦ-ਛੇਦ ਵਿਚ ਦਰੁਸਤ ਨਹੀਂ ਛਪ ਰਿਹਾ ਤਾਂ ਹੋਰ ਬਾਕੀ ਪਾਠਾਂ



www.AKJ.Org

ਦਾ ਕੀ ਕਹਿਣਾ ਹੈ । ਗੁਰਬਾਣੀ ਵਿਚੋਂ ਅਨੇਕਾਂ ਹੀ ਪਾਠ ਦਿਤੇ ਜਾ ਸਕਦੇ ਹਨ, ਜਿਨ੍ਹਾਂ ਬਾਰੇ ਵਿਦਵਾਨਾਂ ਦਾ ਮਤ-ਭੇਦ ਹੈ । ਇਥੇ ਅਸੀਂ ਕੇਵਲ ਵੰਨਗੀ ਮਾਤਰ ਹੀ ਹੇਠਾਂ ਕੁਝ ਕੁ ਦਿੰਦੇ ਹਾਂ–

ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦੁ ਸੁਰਤਿ **ਕੀਨੀ** ਵਰਖਾਈ ॥ (੧੪੦੬)

ਇਸ ਤੁਕ ਦਾ ਪਦ-ਛੇਦ ਪ੍ਰੋ. ਸਾਹਿਬ ਸਿੰਘ ਜੀ ਆਦਿ ਕੁਝ ਵਿਦਵਾਨ ਤਾਂ ਕਰਦੇ ਹਨ "ਸਬਦੁ ਸੁਰਤਿ ਕੀਨੀ ਵਰਖਾਈ", ਪਰ ਕੁਝ ਸੰਪ੍ਰਦਾਵਾਂ ਇਸ ਪਾਠ ਨੂੰ "ਸਬਦੁ ਸੁਰਤਿ ਕੀ ਨੀਵ ਰਖਾਈ" ਕਰ ਕੇ ਪਦ-ਛੇਦ ਕਰਦੀਆਂ ਹਨ । ਸਾਨੂੰ ਇਹ ਸੋਚਣਾ ਪਵੇਗਾ ਕਿ ਸਬਦੁ ਸੁਰਤਿ ਦੀ ਨੀਂਵ ਗੁਰੂ ਅੰਗਦ ਸਾਹਿਬ ਨੇ ਰੱਖੀ ਸੀ ਜਾਂ ਸਬਦੁ ਸੁਰਤਿ ਦੀ ਵਰਖਾ ਗੁਰੂ ਅੰਗਦ ਸਾਹਿਬ ਨੇ ਕੀਤੀ ਸੀ ।

੫੮੨ ਪੰਨੇ ਤੇ ਵਡਹੰਸ ਮਹਲੇ ਪਹਿਲੇ ਦੀ ਪੰਗਤੀ ਨੂੰ ਵਖ ਵਖ ਵਿਦਵਾਨ ਪਦ-ਛੇਦ ਕਰਦੇ ਹਨ–

(ੳ) ਨਾਨਕ ਜੁਗਿ ਜੁਗਿ **ਜਾਣ ਸਿਜਾਣਾ** ਰੋਵਹਿ ਸਚੁ ਸਮਾਲੇ ॥ (ਸ਼ਬਦਾਰਥ)

(ਅ) ਨਾਨਕ ਜੁਗਿ ਜੁਗਿ **ਜਾਣਸਿ ਜਾਣਾ** ਰੋਵਹਿ ਸਚੁ ਸਮਾਲੇ ॥ (ਟੀਕਾ ਫ਼ਰੀਦ ਕੋਟ)

(ੲ) ਨਾਨਕ ਜੁਗਿ ਜੁਗਿ **ਜਾਣ ਸਿ ਜਾਣਾ** ਰੋਵਹਿ ਸਚੁ ਸਮਾਲੇ ॥ (ਟੀਕਾ ਪ੍ਰੋ: ਸਾਹਿਬ ਸਿੰਘ)

ਪੰਨਾ ੬੩੬ ਹੇਠ ਸੋਰਠਿ ਪਹਿਲਾ ਦੀ ਤੁਕ ਦਾ ਪਦ-ਛੇਦ ਵੇਖੋ :–

(ੳ) ਤੂ ਗੁਣ ਦਾਤੌ ਨਿਰਮਲੋ ਭਾਈ ਨਿਰਮਲੁ **ਨਾ ਮਨੁ** ਹੋਇ ॥ (ਸ਼ਬਦਾਰਥ)

(ਅ) ਤੂ ਗੁਣ ਦਾਤੌ ਨਿਰਮਲੋ ਭਾਈ ਨਿਰਮਲੁ **ਨਾਮਨੁ** ਹੋਇ ॥ (ਪ੍ਰੋ: ਸਾਹਿਬ ਸਿੰਘ ਜੀ)

ਗਉੜੀ ਰਾਗ ਵਿਚ ਕਬੀਰ ਜੀ ਦਾ ਸ਼ਬਦ ਪੰਨਾ ੩੨੯ ਦੇ ਵਿਚਕਾਰ ਹੈ, ਇਸ ਤੁਕ ਦਾ ਪਦ-ਛੇਦ ਵੇਖੋ ਜੀ :–

(ੳ) **ਸਗਲ ਤ ਜੀਨੁ** ਗਗਨ ਦਉਰਾਵਉ ॥੧॥ (੩॥੩੧॥) (ਸ਼ਬਦਾਰਥ)

(ਅ) **ਸਗਲਤ ਜੀਨੁ** ਗਗਨ ਦਉਰਾਵਉ ॥ (ਪ੍ਰੋ: ਸਾਹਿਬ ਸਿੰਘ ਜੀ)

(ੲ) **ਸਗਲ ਤਜੀਨੁ** ਗਗਨ ਦਰਿਆਵਉ ॥ (ਟੀਕਾ ਫ਼ਰੀਦਕੋਟ, ਭਾਈ ਵੀਰ ਸਿੰਘ ਜੀ)

ਆਸਾ ਸ੍ਰੀ ਕਬੀਰ ਜੀਉ, ਪੰਨਾ ੪੮੦, ਸ਼ਬਦ ਨੰ: ੫॥੪॥੧੭–

(ੳ) ਹਮ ਮਸਕੀਨ ਖੁਦਾਈ ਬੰਦੇ **ਤੁਮਰਾ ਜਸੁ** ਮਨਿ ਭਾਵੈ ॥ (ਸ਼ਬਦਾਰਥ, ਫ਼ਰੀਦਕੋਟ)

(ਅ) ਹਮ ਮਸਕੀਨ ਖੁਦਾਇ ਬੰਦੇ **ਤੁਮ ਰਾਜਸੁ** ਮਨ ਭਾਵੈ॥(ਭਾ: ਵੀਰ ਸਿੰਘ ਜੀ,ਪ੍ਰੋ:ਸਾਹਿਬ ਸਿੰਘਜੀ)

ਦੇਵ ਗੰਧਾਰੀ ਮਹਲਾ ੫, ਪੰਨਾ ੫੩੬, ਸ਼ਬਦ ਨੰ: ੨॥੧॥੩੮॥੬॥੪੪–

(ੳ) **ਜਾਸਨ** ਬਾਸਨ ਸਹਜ ਕੇਲ ਕਰੁਣਾ ਮੈ ॥ (ਸ਼ਬਦਾਰਥ,ਫ਼ਰੀਦ ਕੋਟ)

(ਅ) **ਜਾਸ ਨ** ਬਾਸਨ ਸਹਜ ਕੇਲ ਕਰੁਣਾ ਮੈ ॥ (ਪ੍ਰੋ: ਸਾਹਿਬ ਸਿੰਘ ਜੀ)

ਬਿਹਾਗੜਾ ਮਹਲਾ ੫ ਘਰੁ ੨, ਪੰਨਾ ੫੩੭, ਸ਼ਬਦ ਨੰ: ੪॥੧–

(ੳ) ਬਿਰਖ **ਇਕ ਤਰੀਆ** ॥ ਬਹੁ ਬੰਧਹ ਪਰੀਆ ॥੩॥ (ਸ਼ਬਦਾਰਥ)

(ਅ) ਬਿਰਖ **ਇਕਤਰੀਆ** ॥ ਬਹੁ ਬੰਧਹ ਪਰੀਆ ॥੩॥ (ਪ੍ਰੋ: ਸਾਹਿਬ ਸਿੰਘ ਜੀ, ਫ਼ਰੀਦਕੋਟ ਟੀਕਾ

(ੳ) **ਅਨ ਕਉ ਮੇਰੀਆ** ॥ ਵਿਚਿ ਘੂਮਨ ਘਿਰੀਆ ॥੨॥ (ਸ਼ਬਦਾਰਥ)–ਪ੍ਰੋ: ਸਾਹਿਬ ਸਿੰਘ ਜੀ

(ਅ) **ਅਨਿਕ ਉਮੇਰੀਆ** ॥ ਵਿਚਿ ਘੂਮਨ ਘਿਰੀਆ ॥ (ਟੀਕਾ ਫ਼ਰੀਦਕੋਟ)

ਸਿਰੀ ਰਾਗ ਕੇ ਛੰਤ ਮਹਲਾ ੫, ਪੰਨਾ ੮੧, ਸ਼ਬਦ ਨੰਬਰ ੩–

(ੳ) **ਸਰਬ ਸੋ** ਸੂਖ ਆਨੰਦ ਘਨ ਪਿਆਰੇ ਹਰਿ ਰਤਨੁ ਮਨ ਅੰਤਰਿ ਸੀਵਤੇ ॥
(ਸ਼ਬਦਾਰਥ, ਫ਼ਰੀਦਕੋਟ, ਭਾਈ ਵੀਰ ਸਿੰਘ ਜੀ)

(ਅ) **ਸਰਬਸੋ** ਸੂਖ ਆਨੰਦ ਘਨ ਪਿਆਰੇ ਹਰਿ ਰਤਨੁ ਮਨ ਅੰਤਰਿ ਸੀਵਤੇ ॥(ਪ੍ਰੋ: ਸਾਹਿਬ ਸਿੰਘ ਜੀ)



www.AKJ.Org

ਵਡਹੰਸੁ ਮਹਲਾ ੪, ਘੋੜੀਆ, ਪੰਨਾ ੫੭੬, ਸ਼ਬਦ ਅੰਕ ੪—

(ੳ) ਹਰਿ ਗਾਇ ਮੰਗਲੁ **ਰਾਮਨਾਮਾ** ਹਰਿ ਸੇਵ ਸੇਵਕ **ਸੇਵਕੀ** ॥ (ਸ਼ਬਦਾਰਥ)

(ਅ) ਹਰਿ ਗਾਇ ਮੰਗਲੁ **ਰਾਮ ਨਾਮਾ** ਹਰਿ ਸੇਵ ਸੇਵਕ **ਸੇਵਕੀ** ॥ (ਟੀਕਾ ਫ਼ਰੀਦਕੋਟ)

(ੲ) ਹਰਿ ਗਾਇ ਮੰਗਲੁ **ਰਾਮ ਨਾਮਾ** ਹਰਿ ਸੇਵ ਸੇਵਕ **ਸੇਵ ਕੀ** ॥ (ਭਾ: ਵੀਰ ਸਿੰਘ ਜੀ)

(ੳ ਪ੍ਰਭ ਜਾਇ ਪਾਵੈ ਰੰਗ ਮਹਲੀ ਹਰਿ ਰੰਗੁ ਮਾਣੈ **ਰੰਗਕੀ** ॥ (ਸ਼ਬਦਾਰਥ—ਫ਼ਰੀਦਕੋਟ )

(ਅ) ਪ੍ਰਭ ਜਾਇ ਪਾਵੈ ਰੰਗ ਮਹਲੀ ਹਰਿ ਰੰਗੁ ਮਾਣੈ **ਰੰਗ ਕੀ** ॥ (ਭਾ: ਵੀਰ ਸਿੰਘ ਜੀ)

ਵਡਹੰਸੁ ਮਹਲਾ ੧, ਪੰਨਾ ੫੮੧, ਸ਼ਬਦ ਨੰ: ੪।੪ ਤੇ ੪।੫ -

(ੳ) ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ **ਜਾਣੋਵਾ** ॥ (ਸ਼ਬਦਾਰਥ—ਫ਼ਰੀਦਕੋਟ)

(ਅ) ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ **ਜਾਣੋ ਵਾ** ॥ (ਪ੍ਰੋ: ਸਾਹਿਬ ਸਿੰਘ ਜੀ)

ਇਸੇ ਤਰ੍ਹਾਂ :—

| | | | |
|---|---|---|---|
| | **ਪਛਾਣੋਵਾ** | **ਪਛਾਣੋ ਵਾ** | |
| **ਸੰਸਾਰੋਵਾ** | **ਸੰਸਾਰੋ ਵਾ** | **ਵੀਚਾਰੋਵਾ** | **ਵੀਚਾਰੋ ਵਾ** |
| **ਗੁਬਾਰੋਵਾ** | **ਗੁਬਾਰੋ ਵਾ** | **ਪਰਕਾਰੋਵਾ** | **ਪਰਕਾਰਰੋ ਵਾ** |
| **ਸਾਰੇਵਾ** | **ਸਾਰੇ ਵਾ** | **ਰੋਵਣਹਾਰੇਵਾ** | **ਰੋਵਣਹਾਰੇ ਵਾ** |
| **ਪਸਾਰੋਵਾ** | **ਪਸਾਰੋ ਵਾ** | **ਸਚਿਆਰੋਵਾ** | **ਸਚਿਆਰੋ ਵਾ** |

ਸੋਰਠਿ ਮਹਲਾ ੫, ਪੰਨਾ ੬੧੭, ਸਬਦ ਨੰ: ੨॥੨॥੩੦—

(ੳ) ਸਾਸਿ ਸਾਸਿ ਧਿਆਵਉ ਠਾਕੁਰ ਕਉ ਮਨਿ ਤਨਿ **ਜੀਅਰੇ** ਮੁਖੀ ॥੧॥ਰਹਾਉ॥

(ਸ਼ਬਦਾਰਥ, ਫ਼ਰੀਦਕੋਟ)

(ਅ) ਸਾਸਿ ਸਾਸਿ ਧਿਆਵਉ ਠਾਕੁਰ ਕਉ ਮਨਿ ਤਨਿ **ਜੀਅ ਰੇ** ਮੁਖੀ॥੧॥ਰਹਾਉ(ਪ੍ਰੋ:ਸਾਹਿਬਸਿੰਘਜੀ)

ਸੋਰਠਿ ੫, ਪੰਨਾ ੬੧੮, ਸ਼ਬਦ ਨੰ: ੨॥੮॥੩੬—

(ੳ) ਭਲੋ **ਸਮੂਰਤੁ** ਪੂਰਾ ॥... ... ...੧॥ ਰਹਾਉ॥ (ਸ਼ਬਦਾਰਥ—ਟੀਕਾ ਫ਼ਰੀਦਕੋਟ)

(ਅ) ਭਲੋ **ਸ ਮੂਰਤੁ** ਪੂਰਾ ॥... ... ...੧॥ ਰਹਾਉ॥ (ਪ੍ਰੋ: ਸਾਹਿਬ ਸਿੰਘ ਜੀ)

ਸੋਰਠਿ ਮਹਲਾ ੫, ਪੰਨਾ ੬੨੦, ਸ਼ਬਦ ਨੰ: ੨॥੧੬॥੪੪—

(ੳ) **ਜੀਉ ਪਾਇ** ਪਿੰਡੁ ਜਿਨਿ ਸਾਜਿਆ ਦਿਤਾ ਪੈਨਣੁ ਖਾਣੁ ॥ (ਸ਼ਬਦਾਰਥ—ਪ੍ਰੋ: ਸਾਹਿਬ ਸਿੰਘ ਜੀ)

(ਅ) **ਜੀ ਉਪਾਇ** ਪਿੰਡੁ ਜਿਨਿ ਸਾਜਿਆ ਦਿਤਾ ਪੈਨਣੁ ਖਾਣੁ ॥ (ਟੀਕਾ ਫ਼ਰੀਦਕੋਟ)

ਸੋਰਠਿ ਮਹਲਾ ੫ ਘਰੁ ੧ ਅਸਟਪਦੀਆ, ਪੰਨਾ ੬੪੧, ਅਸ਼ਟ: ਨੰ: ੮੫੨—

(ੳ) ਸਾਕਤ ਸੰਗੁ ਨ ਕੀਜਈ ਪਿਆਰੇ **ਜੇ ਕਾ** ਪਾਰਿ ਵਸਾਇ...੫ ॥ (ਸ਼ਬਦਾਰਥ)

(ਅ) ਸਾਕਤ ਸੰਗੁ ਨ ਕੀਜਈ ਪਿਆਰੇ **ਜੇਕਾ** ਪਾਰਿ ਵਸਾਇ ॥...੫ ॥

(ਟੀਕਾ ਫ਼ਰੀਦਕੋਟ, ਪ੍ਰੋ: ਸਾਹਿਬ ਸਿੰਘ ਜੀ)

ਸੋਰਠਿ ਕੀ ਵਾਰ, ਪੰਨਾ ੬੫੦, ਪਉੜੀ ੨੧—

(ੳ) ਹਰਿ ਹਰਿ ਸੀਗਾਰੁ ਬਨਾਵਹੁ ਹਰਿ ਜਨ ਹਰਿ ਕਾਪੜੁ ਪਹਿਰਹੁ **ਖਿਮ ਕਾ** ॥(ਪ੍ਰੋ:ਸਾਹਿਬ ਸਿੰਘਜੀ)

(ਅ) ਹਰਿ ਹਰਿ ਸੀਗਾਰੁ ਬਨਾਵਹੁ ਹਰਿ ਜਨ ਹਰਿ ਕਾਪੜੁ ਪਹਿਰਹੁ **ਖਿਮਕਾ** ॥ (ਟੀਕਾ ਫ਼ਰੀਦਕੋਟ)

(ੳ) ਐਸਾ ਸੀਗਾਰੁ ਮੇਰੇ ਪ੍ਰਭ ਭਾਵੈ ਹਰਿ ਲਾਗੈ ਪਿਆਰਾ **ਪ੍ਰਿਮ ਕਾ**॥(ਸ਼ਬਦਾਰਥ,ਪ੍ਰੋ: ਸਾਹਿਬ ਸਿੰਘਜੀ)

(ਅ) ਐਸਾ ਸੀਗਾਰੁ ਮੇਰੇ ਪ੍ਰਭ ਭਾਵੈ ਹਰਿ ਲਾਗੈ ਪਿਆਰਾ **ਪ੍ਰਿਮਕਾ** ॥ (ਟੀਕਾ ਫ਼ਰੀਦਕੋਟ)



www.AKJ.Org

# ਗੁਰਬਾਣੀ ਦਾ ਕਾਵਿਕ ਅਨੁਵਾਦ

[ ਵਲੋਂ :—ਪ੍ਰਿੰ: ਹਰਿਭਜਨ ਸਿੰਘ ਜੀ, ਸਿਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ]

ਜਿਵੇਂ ਅਕਾਲ ਪੁਰਖ ਵਾਹਿਗੁਰੂ ਦੇ ਕਥਨ ਨੂੰ ਗੁਰਦੇਵ 'ਅਕੱਥ' ਆਖ ਕੇ 'ਕਥਨੋਂ' ਅਸਮ੍ਰਥਾ ਪ੍ਰਗਟ ਕਰਦੇ ਹਨ, ਕੁਝ ਏਸੇ ਤਰ੍ਹਾਂ ਹੀ ਸਾਹਿਬਾਂ ਵਲੋਂ '੧ ੳ' ਬਾਰੇ ਕਥਿਆ ਬਿਆਨ ਵੀ ਸਾਡੇ ਲਈ ਅਕੱਥ ਹੈ, ਅਗਧ-ਬੋਧ ਹੈ। ਗੁਰਬਾਣੀ ਦੀ ਇਕ ਇਕ ਤੁਕ ਵਿਚ ਬਿਆਨੀ ਸਚਾਈ ਤੇ ਅੰਕਿਤ ਗਿਆਨ ਦੇ ਵਿਸ਼ਲੇਸ਼ਨ ਤੇ ਵਿਆਖਿਆ ਲਈ ਸੈਂਕੜੇ, ਹਜ਼ਾਰਾਂ ਪੰਨਿਆਂ ਦੀ ਲੋੜ ਹੈ; ਅਤੇ ਵੱਡੇ ਵੱਡੇ ਭਾਸ਼ਯ ਅਤੇ ਭਾਸ਼ਾਕਾਰੀਆਂ ਦੀ ਵੀ। ਫੇਰ ਵੀ, ਇਹ ਦਾਅਵਾ ਕਰਨਾ ਕਿ ਕਿਸੇ ਵਲੋਂ ਕੀਤੀ ਵਿਆਖਿਆ ਸੰਪੂਰਨ ਹੈ, ਇਕ ਹਉਮੈ-ਭਰਪੂਰ ਢੀਠਤਾ ਹੋਵੇਗੀ। ਸਤਿਗੁਰੂ ਵਲੋਂ ਆਖੀ ਗੱਲ ਨੂੰ ਪੂਰਨ ਤੌਰ ਉਤੇ ਓਹੀ ਜਾਣ ਸਕਦਾ ਹੈ ਜੋ ਓਹਨਾਂ ਜਿੰਨਾ ਹੀ ਉਚਾ ਹੋਵੇ।

ਏਵਡੁ ਊਚਾ ਹੋਵੈ ਕੋਇ॥
ਤਿਸੁ ਊਚੇ ਕਉ ਜਾਣੈ ਸੋਇ॥ (ਜਪੁਜੀ)

ਕੁਝ ਸਮੇਂ ਤੋਂ ਰੀਸੋ ਰੀਸੀ ਇਹ ਰਿਵਾਜ ਚਲ ਪਿਆ ਹੈ ਕਿ ਗੁਰਬਾਣੀ ਦਾ ਕਵਿਤਾ ਵਿਚ ਅਨੁਵਾਦ ਕੀਤਾ ਜਾਵੇ। ਜਿਹੜਾ ਵੀ ਮਾੜੀ ਮੋਟੀ ਤੁਕ-ਬੰਦੀ ਕਰਨਾ ਸਿਖ ਜਾਂਦਾ ਹੈ, ਉਹ ਸਭ ਤੋਂ ਪਹਿਲਾਂ ਸ੍ਰੀ ਜਪੁਜੀ ਸਾਹਿਬ ਜਿਹੀ ਗੋਹੜ ਬਾਣੀ ਦਾ ਕਵਿਤਾ ਵਿਚ ਤਰਜਮਾ ਕਰਨਾ ਅਰੰਭ ਦਿੰਦਾ ਹੈ। ਭਲਾ, ਗੋਬਿੰਦ ਰੂਪ ਗੁਰਾਂ ਵਲੋਂ ਅਤਿ ਸੰਖਿਪਤ ਢੰਗ ਤੇ ਸੰਜਮੀ ਬੋਲੀ ਵਿਚ ਬਿਆਨੇ ਇਸ ਤੱਤ-ਗਿਆਨ ਨੂੰ ਸਾਧਾਰਨ ਬੁੱਧਿ-ਬਲ ਵਾਲੇ ਮਾਇਆ-ਗ੍ਰਸਤ ਇਨਸਾਨਾਂ ਵਿਚ ਇਹ ਸਮ੍ਰਥਾ ਕਿਥੇ ਕਿ ਗੁਰਬਾਣੀ ਨੂੰ ਛੰਦਾ-ਬੰਦੀ ਦੀ ਬੰਦਸ਼ ਵਿਚ ਬਿਆਨ ਕਰ ਕੇ, ਉਸ ਨਾਲ ਨਿਆਂ ਕਰ ਸਕਣ।

ਇਹ ਰੁਝਾਨ ਏਥੋਂ ਤਕ ਵਧਿਆ ਹੈ ਕਿ ਹੁਣ 'ਜਪੁਜੀ' ਦੇ ਅਨੁਵਾਦ ਨਾਲ 'ਜਾਪੁ ਸਾਹਿਬ' ਆਦਿ ਬਾਣੀਆਂ ਦਾ ਕਾਵਿਕ ਅਨੁਵਾਦ ਹੋਣਾ ਵੀ ਸ਼ੁਰੂ ਹੋ ਗਿਆ ਹੈ। ਜੇ ਇਹ ਰੀਤ, ਬਿਨਾਂ ਵਿਚਾਰੇ, ਏਸੇ ਤਰ੍ਹਾਂ ਜਾਰੀ ਰਹੀ ਤਾਂ ਉਹ ਦਿਨ ਦੂਰ ਨਹੀਂ, ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਦਾ ਹੀ ਕੱਚ-ਘਰੜ ਕਾਵਿਕ ਅਨੁਵਾਦ ਵੇਖਣ ਵਿਚ ਆਵੇ ਅਤੇ ਲੋਕੀਂ "ਆਮਦ" ਤੇ ਆਈ ਅੰਮ੍ਰਿਤ-ਮਈ "ਧੁਰ ਕੀ ਬਾਣੀ" ਨੂੰ ਛਡ ਕੇ ਉਸ ਦਾ ਕਵਿਤਾ ਰੂਪ ਪੜ੍ਹ ਕੇ ਹੀ ਕੰਮ ਸਾਰਨ ਤੇ ਪੁੰਨ ਸਮਝਣ ਲਗ ਪੈਣ।

ਹੋਰ ਵਿਚਾਰੋ, ਗੁਰਬਾਣੀ ਦਾ ਕਵਿਤਾ ਵਿਚ ਅਨੁਵਾਦ ਕਰਨ ਵਾਲੇ ਸਜਣ ਪਉੜੀ/ਸ਼ਬਦ ਦੇ ਅੰਤ ਵਿਚ "ਨਾਨਕ" ਪਦ ਅਥਵਾ "ਨਾਨਕ ਛਾਪ" ਦੀ ਵਰਤੋਂ ਕਰਦੇ ਹਨ; ਕੀ ਇਹ ਯੋਗ ਹੈ? ਭਲਾ ਜੇ ਕਿਤੇ ਕਲ੍ਹ ਕੋਈ ਮੂਲ ਬਾਣੀ ਤੋਂ ਬਿਨਾਂ ਕੇਵਲ ਇਸ ਦਾ ਅਨੁਵਾਦ ਹੀ ਛਾਪ ਦੇਣ ਦੀ ਭੁਲ ਕਰੇ ਤਾਂ ਕੀ ਉਸ ਵਲੋਂ ਕੀਤੇ ਅਨੁਵਾਦ ਨੂੰ ਹੀ "ਨਾਨਕ ਬਾਣੀ" ਅਥਵਾ ਗੁਰਬਾਣੀ ਨਹੀਂ ਸਮਝ ਲਿਆ ਜਾਵੇਗਾ।

## *ਸੰਪਾਦਕੀ ਨੋਟ—*

ਪ੍ਰਿੰ: ਹਰਿਭਜਨ ਸਿੰਘ ਜੀ ਦੇ ਇਸ ਕਥਨ ਨਾਲ ਸਭ ਗੁਰਮੁਖ ਪਿਆਰੇ ਪੂਰੀ ਤਰ੍ਹਾਂ ਸਹਿਮਤ ਹਨ ਕਿ ਗੁਰਬਾਣੀ ਅਕੱਥ ਹੈ। ਸਾਡੇ ਵਿਚਾਰ ਵਿਚ ਤਾਂ ਸੈਂਕੜੇ ਹਜ਼ਾਰਾਂ ਪੰਨੇ ਲਿਖ ਲਿਖ ਕੇ ਵੀ, ਅਤੇ ਵੱਡੇ ਵੱਡੇ ਭਾਸ਼ਯ ਤੇ ਭਾਸ਼ਾਕਾਰੀਆਂ ਦੇ ਹੁੰਦਿਆਂ ਵੀ ਗੁਰਬਾਣੀ ਨੂੰ ਕਥਿਆ ਨਹੀਂ ਜਾ ਸਕਦਾ। ਅਜ ਤਕ ਹੋਏ ਸੈਂਕੜੇ ਵਡੇ ਛੋਟੇ ਟੀਕੇ ਗੁਰਬਾਣੀ ਦੀ ਵਿਆਖਿਆ ਕਰਨ ਦੇ ਨਿਮਾਣੇ ਜਿਹੇ ਜਤਨ ਹਨ। ਗੁਰਬਾਣੀ ਨਿਰੀ ਵਿਦਵਤਾ ਤੇ ਅਕਲਾਂ ਦੇ ਆਸਰੇ ਸਮਝੀ ਤੇ ਸਮਝਾਈ ਨਹੀਂ ਜਾ ਸਕਦੀ, ਸਗੋਂ ਗੁਰਬਾਣੀ ਵਿਚ ਰਸ-ਲੀਣ ਹੋਇਆਂ ਹੀ ਗੁਰਬਾਣੀ ਦਾ ਸੱਚਾ ਅਨੰਦ ਮਾਣਿਆ ਜਾ ਸਕਦਾ ਹੈ। ਜਿਹੜੇ ਗੁਰੂ-ਪਿਆਰੇ ਗੁਰਸਿਖੀ ਦੀ ਸੱਚੀ ਸੁੱਚੀ ਅਮਲੀ ਕਮਾਈ ਕਰਦੇ ਹਨ, ਗੁਰਬਾਣੀ ਵਿਚਲੇ ਗੁਰ-ਹੁਕਮਾਂ ਅਨੁਸਾਰ ਅੰਮ੍ਰਿਤ ਵੇਲੇ ਦੀ ਸੰਭਾਲ ਕਰਦੇ ਹਨ, ਉਹ ਸਜਣ ਆਪੋ ਆਪਣੀ ਕਮਾਈ ਅਨੁਸਾਰ ਗੁਰਬਾਣੀ ਦੇ ਗੂੜ੍ਹ



www.AKJ.Org

ਭਾਵਾਂ ਵਿਚ ਲੀਨ ਹੁੰਦੇ ਹਨ ਅਤੇ ਜੋ ਕੁਝ ਇਸ਼ਾਰੇ ਮਾਤਰ ਗੁਰਬਾਣੀ ਦੀ ਵਿਆਖਿਆ ਕਰ ਸਕਦੇ ਹਨ ਤਾਂ ਕੇਵਲ ਓਹੋ ਸਜਣ ਹੀ ਸੇਧ ਦੇ ਸਕਦੇ ਹਨ।

ਆਮ ਸਿਖ ਸੰਗਤਾਂ ਦੀ ਸਾਧਾਰਨ ਜਾਣਕਾਰੀ ਲਈ ਕੋਸ਼ਾਂ ਅਨੁਸਾਰ ਲਫ਼ਜ਼ੀ ਅਰਥ ਸੰਖੇਪ ਵੀ ਅਤੇ ਵਿਸਥਾਰ ਸਹਿਤ ਵੀ ਵਖ ਵਖ ਸਜਣ ਵਖ ਵਖ ਢੰਗਾਂ ਨਾਲ ਕਰਦੇ ਆ ਰਹੇ ਹਨ ਅਤੇ ਕਰਦੇ ਰਹਿਣਗੇ। ਕਿਸੇ ਟੀਕੇ ਨੂੰ ਸੰਪੂਰਨ ਨਹੀਂ ਕਿਹਾ ਜਾ ਸਕਦਾ, ਪਰ ਇਹ ਹਰੇਕ ਦੇ ਆਪੋ ਆਪਣੇ ਤਰਲੇ ਹਨ ਅਤੇ ਟੀਕਾ ਕਰਨ ਦੇ ਵਖੋ ਵਖਰੇ ਢੰਗ ਹਨ। ਲੋੜ ਤਾਂ ਹੈ ਗੁਰਬਾਣੀ ਨਾਲ ਪਿਆਰ ਉਪਜਾਉਣ ਦੀ ਅਤੇ ਇਹ ਵੇਖਣ ਦੀ ਕਿ ਜਿਹੜੇ ਟੀਕਾਕਾਰ ਗੁਰੂ-ਆਸ਼ਿਆਂ ਤੋਂ ਉਲਟ ਅਰਥ ਕਰਦੇ ਹਨ, ਉਨ੍ਹਾਂ ਬਾਰੇ ਅਸੀਂ ਸੁਚੇਤ ਹੋਈਏ। ਜੋ ਜਿਸ ਦਾ ਜੀਅ ਕਰਦਾ ਹੈ, ਗੁਰਬਾਣੀ ਦੇ ਪੁੱਠੇ ਸਿਧੇ ਆਪਣੀ ਮਰਜ਼ੀ ਦੇ ਅਰਥ ਕਰ ਕੇ ਆਪੋ ਆਪਣਾ ਗੁਰੂ-ਡੰਮ ਚਲਾਈ ਜਾ ਰਿਹਾ ਹੈ। ਅਸੀਂ ਪ੍ਰਿੰਸੀਪਲ ਸਾਹਿਬ ਜੀ ਦੇ ਧੰਨਵਾਦੀ ਹੋਵਾਂਗੇ ਕਿ ਉਹ ਕੌਮ ਨੂੰ ਇਸ ਪਾਸੇ ਵਲ ਪ੍ਰੇਰਨ ਕਿ ਜੋ ਲੋਕ ਗੁਰਬਾਣੀ ਦਾ ਆਸਰਾ ਲੈ ਕੇ, ਗੁਰਬਾਣੀ ਦੀ ਗ਼ਲਤ ਵਰਤੋਂ ਕਰਦੇ ਹਨ ਅਤੇ ਕਈ ਤਰ੍ਹਾਂ ਦੇ ਭੁਲੇਖੇ ਪਾ ਰਹੇ ਹਨ, ਉਨ੍ਹਾਂ ਤੋਂ ਸੁਚੇਤ ਹੋਇਆ ਜਾਵੇ। ਇਸ ਗੱਲ ਦੀ ਡਾਢੀ ਲੋੜ ਹੈ ਕਿ ਪੰਥ ਦੀ ਨੁਮਾਇੰਦਾ ਜਮਾਤ ਸ਼ਰੋਮਣੀ ਕਮੇਟੀ ਵਲੋਂ ਇਸ ਸੰਬੰਧ ਵਿਚ ਇਕ ਉਚੇਚਾ ਖੋਜ-ਵਿਭਾਗ ਖੋਲ੍ਹਿਆ ਜਾਵੇ, ਜਿਸ ਵਿਚ ਹਰੇਕ ਉਹ ਪੁਸਤਕ, ਅਖਬਾਰ, ਰਸਾਲਾ ਆਦਿ ਪਹੁੰਚੇ ਜਿਸ ਵਿਚ ਗੁਰੂ ਸਾਹਿਬਾਨ ਅਤੇ ਗੁਰਬਾਣੀ ਬਾਰੇ ਕਿਸੇ ਕਿਸਮ ਦਾ ਵੀ ਜ਼ਿਕਰ ਹੋਵੇ, ਭਾਵੇਂ ਉਹ ਦੁਨੀਆ ਭਰ ਦੀ ਕਿਸੇ ਵੀ ਬੋਲੀ ਵਿਚ ਹੋਵੇ। ਉਨ੍ਹਾਂ ਸਭ ਦੀ ਪੁਣ-ਛਾਣ ਕਰ ਕੇ ਨਾਲੋ ਨਾਲ ਅਸਲੀਅਤ ਪ੍ਰਗਟਾਈ ਜਾਵੇ ਤਾਂ ਹੀ ਅਸੀਂ ਆਪਣੇ ਇਸ ਅਮੋਲਕ ਖ਼ਜ਼ਾਨੇ ਨੂੰ ਸਹੀ ਰੂਪ ਵਿਚ ਸੁਰੱਖਿਅਤ ਰਖ ਸਕਦੇ ਹਾਂ।

ਪ੍ਰਿੰਸੀਪਲ ਜੀ ਨੇ ਆਪਣੇ ਲੇਖ ਵਿਚ ਜੋ ਸੁਝਾ ਦਿਤੇ ਹਨ, ਇਸ ਨੂੰ ਵੀ ਗੁਰਮੁਖ ਪਿਆਰੇ ਵਿਚਾਰ ਸਕਦੇ ਹਨ, ਪਰ ਜੇ ਕੋਈ ਸਜਣ ਆਪਣੀ ਸੋਝੀ ਅਨੁਸਾਰ ਔਖੇ ਪਦਾਂ ਦੇ ਅਰਥ ਦੇ ਕੇ, ਤੁਕਾਂ ਦੇ ਵਾਰਤਕ ਰੂਪ ਵਿਚ ਅਰਥ ਦਿੰਦਾ ਹੈ ਅਤੇ ਪਾਠਕਾਂ ਦੇ ਮਨ ਵਿਚ ਉਸ ਭਾਵ ਨੂੰ ਬਿਠਾਉਣ ਲਈ ਨਾਲ ਹੀ ਕਾਵਿ-ਰੂਪ ਵੀ ਦੇ ਦਿੰਦਾ ਹੈ ਤਾਂ ਇਸ ਦਾ ਕੋਈ ਹਰਜ਼ ਨਹੀਂ।

ਗੁਰਬਾਣੀ ਦਾ ਅਨੁਵਾਦ ਵਾਰਤਕ ਵਿਚ ਹੋਵੇ ਜਾਂ ਕਾਵਿ-ਰੂਪ ਵਿਚ, ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਉਹ ਅਨੁਵਾਦ ਗੁਰਬਾਣੀ ਦੇ ਆਸ਼ੇ ਨੂੰ ਕਿਥੋਂ ਤਕ ਨਿਰੂਪਣ ਕਰਦਾ ਹੈ। ਕੋਈ ਵੀ ਅਨੁਵਾਦ "ਨਾਨਕ-ਬਾਣੀ" ਨਹੀਂ ਬਣ ਸਕਦਾ, ਅਨੁਵਾਦ ਨੇ ਅਨੁਵਾਦ ਹੀ ਰਹਿਣਾ ਹੈ। ਅਰਥ ਕਰਨ ਲਗਿਆਂ ਗੁਰਬਾਣੀ ਦੇ ਸ਼ਬਦਾਂ ਦੇ ਅੰਤ ਵਿਚ ਆਏ ਪਦ "ਨਾਨਕ" ਦਾ ਸਥਾਨ ਦਸਣਾ ਟੀਕਾਕਾਰ ਦਾ ਫ਼ਰਜ਼ ਹੈ ਅਤੇ ਗੁਰੂ ਪਾਤਸ਼ਾਹ ਦੀ ਭੈ-ਭਾਵਨੀ ਵਿਚ ਰਹਿੰਦਿਆਂ ਹੋਇਆਂ ਇਸ ਪਦ ਨੂੰ ਸਹੀ ਰੂਪ ਵਿਚ ਹੀ ਅਰਥਾਂ ਵਿਚ ਵਰਤਣਾ ਬਣਦਾ ਹੈ।

ਹੁਣ ਤਕ ਕਾਵਿ-ਰੂਪ ਵਿਚ ਗੁਰਬਾਣੀ ਦੇ ਕਈ ਟੀਕੇ ਛਪ ਚੁਕੇ ਹਨ। ਅਜ ਤਕ ਛਪ ਚੁਕੇ ਸਾਰੇ ਅਜਿਹੇ ਟੀਕਿਆਂ ਨੂੰ ਪੰਥਕ ਪੱਧਰ ਤੇ ਵਿਚਾਰ ਕੇ ਵੇਖਣਾ ਚਾਹੀਦਾ ਹੈ ਕਿ ਉਹ ਟੀਕੇ ਕਿਥੋਂ ਤਕ ਗੁਰਮਤਿ ਸੇਧ ਦੇਂਦੇ ਹਨ ਅਤੇ ਨਾਲ ਹੀ ਵੇਖਣ ਦੀ ਲੋੜ ਹੈ ਕਿ ਅਜਿਹੇ ਟੀਕੇ ਛਪਣ ਨਾਲ ਅਸੀਂ ਜੇ ਕੋਈ ਗਲਤੀ ਕਰ ਰਹੇ ਹਾਂ ਤਾਂ ਉਸ ਨੂੰ ਠੀਕ ਕਰਨ ਲਈ ਛੇਤੀ ਹੀ ਕੌਮ ਧਿਆਨ ਦੇਵੇ।

---

**ਫ਼ੌਜੀ ਸਿੰਘਾਂ ਦੇ ਧਿਆਨ ਯੋਗ**—ਜਿਨ੍ਹਾਂ ਸਿੰਘਾਂ ਨੂੰ ਦਾੜ੍ਹੇ ਖੁਲ੍ਹੇ ਰਖਣ ਕਾਰਨ ਸਜ਼ਾਵਾਂ ਦਿਤੀਆਂ ਗਈਆਂ ਅਤੇ ਨੌਕਰੀਓਂ ਕਢੇ ਗਏ, ਉਹ ਆਪਣੇ ਐਡਰੈਸ ਇਸ ਪਤੇ ਤੇ ਭੇਜਣ :—

ਸੁਬੇਗ ਸਿੰਘ, ਗੁਰਦੁਆਰਾ ਸਾਹਿਬ, ਮੰਨਣ, P. O. ਅਲਾਵਲਪੁਰ (ਜਲੰਧਰ)



www.AKJ.Org

# ਗੁਰਬਾਣੀ ਦਾ ਕਾਵਿਕ ਅਨੁਵਾਦ

[ ਵਲੋਂ :—ਪ੍ਰਿੰ: ਹਰਿਭਜਨ ਸਿੰਘ ਜੀ, ਸਿਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ]

ਜਿਵੇਂ ਅਕਾਲ ਪੁਰਖ ਵਾਹਿਗੁਰੂ ਦੇ ਕਥਨ ਨੂੰ ਗੁਰਦੇਵ 'ਅਕੱਥ' ਆਖ ਕੇ 'ਕਥਨੋਂ' ਅਸਮ੍ਰਥਾ ਪ੍ਰਗਟ ਕਰਦੇ ਹਨ, ਕੁਝ ਏਸੇ ਤਰ੍ਹਾਂ ਹੀ ਸਾਹਿਬਾਂ ਵਲੋਂ '੧ ਓ' ਬਾਰੇ ਕਥਿਆ ਬਿਆਨ ਵੀ ਸਾਡੇ ਲਈ ਅਕੱਥ ਹੈ, ਅਗਧ-ਬੋਧ ਹੈ। ਗੁਰਬਾਣੀ ਦੀ ਇਕ ਇਕ ਤੁਕ ਵਿਚ ਬਿਆਨੀ ਸਚਾਈ ਤੇ ਅੰਕਿਤ ਗਿਆਨ ਦੇ ਵਿਸ਼ਲੇਸ਼ਨ ਤੇ ਵਿਆਖਿਆ ਲਈ ਸੈਂਕੜੇ, ਹਜ਼ਾਰਾਂ ਪੰਨਿਆਂ ਦੀ ਲੋੜ ਹੈ; ਅਤੇ ਵੱਡੇ ਵੱਡੇ ਭਾਸ਼ਯ ਅਤੇ ਭਾਸ਼ਾਕਾਰੀਆਂ ਦੀ ਵੀ। ਫੇਰ ਵੀ, ਇਹ ਦਾਅਵਾ ਕਰਨਾ ਕਿ ਕਿਸੇ ਵਲੋਂ ਕੀਤੀ ਵਿਆਖਿਆ ਸੰਪੂਰਨ ਹੈ, ਇਕ ਹਉਮੈ-ਭਰਪੂਰ ਢੀਠਤਾ ਹੋਵੇਗੀ। ਸਤਿਗੁਰੂ ਵਲੋਂ ਆਖੀ ਗੱਲ ਨੂੰ ਪੂਰਨ ਤੌਰ ਉਤੇ ਓਹੀ ਜਾਣ ਸਕਦਾ ਹੈ ਜੋ ਓਹਨਾਂ ਜਿੰਨਾ ਹੀ ਉਚਾ ਹੋਵੇ।

ਏਵਡੁ ਊਚਾ ਹੋਵੈ ਕੋਇ॥
ਤਿਸੁ ਊਚੇ ਕਉ ਜਾਣੈ ਸੋਇ॥ (ਜਪੁਜੀ)

ਕੁਝ ਸਮੇਂ ਤੋਂ ਰੀਸੋ ਰੀਸੀ ਇਹ ਰਿਵਾਜ ਚਲ ਪਿਆ ਹੈ ਕਿ ਗੁਰਬਾਣੀ ਦਾ ਕਵਿਤਾ ਵਿਚ ਅਨੁਵਾਦ ਕੀਤਾ ਜਾਵੇ। ਜਿਹੜਾ ਵੀ ਮਾੜੀ ਮੋਟੀ ਤੁਕ-ਬੰਦੀ ਕਰਨਾ ਸਿਖ ਜਾਂਦਾ ਹੈ, ਉਹ ਸਭ ਤੋਂ ਪਹਿਲਾਂ ਸ੍ਰੀ ਜਪੁਜੀ ਸਾਹਿਬ ਜਿਹੀ ਗੋਹੜ ਬਾਣੀ ਦਾ ਕਵਿਤਾ ਵਿਚ ਤਰਜਮਾ ਕਰਨਾ ਅਰੰਭ ਦਿੰਦਾ ਹੈ। ਭਲਾ, ਗੋਬਿੰਦ ਰੂਪ ਗੁਰਾਂ ਵਲੋਂ ਅਤਿ ਸੰਖਿਪਤ ਢੰਗ ਤੇ ਸੰਜਮੀ ਬੋਲੀ ਵਿਚ ਬਿਆਨੇ ਇਸ ਤੱਤ-ਗਿਆਨ ਨੂੰ ਸਾਧਾਰਨ ਬੁੱਧਿ-ਬਲ ਵਾਲੇ ਮਾਇਆ-ਗ੍ਰਸਤ ਇਨਸਾਨਾਂ ਵਿਚ ਇਹ ਸਮ੍ਰਥਾ ਕਿਥੇ ਕਿ ਗੁਰਬਾਣੀ ਨੂੰ ਛੰਦਾ-ਬੰਦੀ ਦੀ ਬੰਦਸ਼ ਵਿਚ ਬਿਆਨ ਕਰ ਕੇ, ਉਸ ਨਾਲ ਨਿਆਂ ਕਰ ਸਕਣ।

ਇਹ ਰੁਝਾਨ ਏਥੋਂ ਤਕ ਵਧਿਆ ਹੈ ਕਿ ਹੁਣ 'ਜਪੁਜੀ' ਦੇ ਅਨੁਵਾਦ ਨਾਲ 'ਜਾਪੁ ਸਾਹਿਬ' ਆਦਿ ਬਾਣੀਆਂ ਦਾ ਕਾਵਿਕ ਅਨੁਵਾਦ ਹੋਣਾ ਵੀ ਸ਼ੁਰੂ ਹੋ ਗਿਆ ਹੈ। ਜੇ ਇਹ ਰੀਤ, ਬਿਨਾਂ ਵਿਚਾਰੇ, ਏਸੇ ਤਰ੍ਹਾਂ ਜਾਰੀ ਰਹੀ ਤਾਂ ਉਹ ਦਿਨ ਦੂਰ ਨਹੀਂ, ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਦਾ ਹੀ ਕੱਚ-ਘਰੜ ਕਾਵਿਕ ਅਨੁਵਾਦ ਵੇਖਣ ਵਿਚ ਆਵੇ ਅਤੇ ਲੋਕੀਂ "ਆਮਦ" ਤੇ ਆਈ ਅੰਮ੍ਰਿਤ-ਮਈ "ਧੁਰ ਕੀ ਬਾਣੀ" ਨੂੰ ਛਡ ਕੇ ਉਸ ਦਾ ਕਵਿਤਾ ਰੂਪ ਪੜ੍ਹ ਕੇ ਹੀ ਕੰਮ ਸਾਰਨ ਤੇ ਪੁੰਨ ਸਮਝਣ ਲਗ ਪੈਣ।

ਹੋਰ ਵਿਚਾਰੋ, ਗੁਰਬਾਣੀ ਦਾ ਕਵਿਤਾ ਵਿਚ ਅਨੁਵਾਦ ਕਰਨ ਵਾਲੇ ਸਜਣ ਪਉੜੀ/ਸ਼ਬਦ ਦੇ ਅੰਤ ਵਿਚ "ਨਾਨਕ" ਪਦ ਅਥਵਾ "ਨਾਨਕ ਛਾਪ" ਦੀ ਵਰਤੋਂ ਕਰਦੇ ਹਨ; ਕੀ ਇਹ ਯੋਗ ਹੈ? ਭਲਾ ਜੇ ਕਿਤੇ ਕਲ੍ਹ ਕੋਈ ਮੂਲ ਬਾਣੀ ਤੋਂ ਬਿਨਾਂ ਕੇਵਲ ਇਸ ਦਾ ਅਨੁਵਾਦ ਹੀ ਛਾਪ ਦੇਣ ਦੀ ਭੁਲ ਕਰੇ ਤਾਂ ਕੀ ਉਸ ਵਲੋਂ ਕੀਤੇ ਅਨੁਵਾਦ ਨੂੰ ਹੀ "ਨਾਨਕ ਬਾਣੀ" ਅਥਵਾ ਗੁਰਬਾਣੀ ਨਹੀਂ ਸਮਝ ਲਿਆ ਜਾਵੇਗਾ।

## *ਸੰਪਾਦਕੀ ਨੋਟ—*

ਪ੍ਰਿੰ: ਹਰਿਭਜਨ ਸਿੰਘ ਜੀ ਦੇ ਇਸ ਕਥਨ ਨਾਲ ਸਭ ਗੁਰਮੁਖ ਪਿਆਰੇ ਪੂਰੀ ਤਰ੍ਹਾਂ ਸਹਿਮਤ ਹਨ ਕਿ ਗੁਰਬਾਣੀ ਅਕੱਥ ਹੈ। ਸਾਡੇ ਵਿਚਾਰ ਵਿਚ ਤਾਂ ਸੈਂਕੜੇ ਹਜ਼ਾਰਾਂ ਪੰਨੇ ਲਿਖ ਲਿਖ ਕੇ ਵੀ, ਅਤੇ ਵੱਡੇ ਵੱਡੇ ਭਾਸ਼ਯ ਤੇ ਭਾਸ਼ਾਕਾਰੀਆਂ ਦੇ ਹੁੰਦਿਆਂ ਵੀ ਗੁਰਬਾਣੀ ਨੂੰ ਕਥਿਆ ਨਹੀਂ ਜਾ ਸਕਦਾ। ਅਜ ਤਕ ਹੋਏ ਸੈਂਕੜੇ ਵਡੇ ਛੋਟੇ ਟੀਕੇ ਗੁਰਬਾਣੀ ਦੀ ਵਿਆਖਿਆ ਕਰਨ ਦੇ ਨਿਮਾਣੇ ਜਿਹੇ ਜਤਨ ਹਨ। ਗੁਰਬਾਣੀ ਨਿਰੀ ਵਿਦਵਤਾ ਤੇ ਅਕਲਾਂ ਦੇ ਆਸਰੇ ਸਮਝੀ ਤੇ ਸਮਝਾਈ ਨਹੀਂ ਜਾ ਸਕਦੀ, ਸਗੋਂ ਗੁਰਬਾਣੀ ਵਿਚ ਰਸ-ਲੀਣ ਹੋਇਆਂ ਹੀ ਗੁਰਬਾਣੀ ਦਾ ਸੱਚਾ ਅਨੰਦ ਮਾਣਿਆ ਜਾ ਸਕਦਾ ਹੈ। ਜਿਹੜੇ ਗੁਰੂ-ਪਿਆਰੇ ਗੁਰਸਿਖੀ ਦੀ ਸੱਚੀ ਸੁੱਚੀ ਅਮਲੀ ਕਮਾਈ ਕਰਦੇ ਹਨ, ਗੁਰਬਾਣੀ ਵਿਚਲੇ ਗੁਰ-ਹੁਕਮਾਂ ਅਨੁਸਾਰ ਅੰਮ੍ਰਿਤ ਵੇਲੇ ਦੀ ਸੰਭਾਲ ਕਰਦੇ ਹਨ, ਉਹ ਸਜਣ ਆਪੋ ਆਪਣੀ ਕਮਾਈ ਅਨੁਸਾਰ ਗੁਰਬਾਣੀ ਦੇ ਗੂੜ੍ਹ



www.AKJ.Org

ਭਾਵਾਂ ਵਿਚ ਲੀਨ ਹੁੰਦੇ ਹਨ ਅਤੇ ਜੇ ਕੁਝ ਇਸ਼ਾਰੇ ਮਾਤਰ ਗੁਰਬਾਣੀ ਦੀ ਵਿਆਖਿਆ ਕਰ ਸਕਦੇ ਹਨ ਤਾਂ ਕੇਵਲ ਓਹੋ ਸਜਣ ਹੀ ਸੇਧ ਦੇ ਸਕਦੇ ਹਨ।

ਆਮ ਸਿਖ ਸੰਗਤਾਂ ਦੀ ਸਾਧਾਰਨ ਜਾਣਕਾਰੀ ਲਈ ਕੋਸ਼ਾਂ ਅਨੁਸਾਰ ਲਫ਼ਜ਼ੀ ਅਰਥ ਸੰਖੇਪ ਵੀ ਅਤੇ ਵਿਸਥਾਰ ਸਹਿਤ ਵੀ ਵਖ ਵਖ ਸਜਣ ਵਖ ਵਖ ਢੰਗਾਂ ਨਾਲ ਕਰਦੇ ਆ ਰਹੇ ਹਨ ਅਤੇ ਕਰਦੇ ਰਹਿਣਗੇ। ਕਿਸੇ ਟੀਕੇ ਨੂੰ ਸੰਪੂਰਨ ਨਹੀਂ ਕਿਹਾ ਜਾ ਸਕਦਾ, ਪਰ ਇਹ ਹਰੇਕ ਦੇ ਆਪੋ ਆਪਣੇ ਤਰਲੇ ਹਨ ਅਤੇ ਟੀਕਾ ਕਰਨ ਦੇ ਵਖੋ ਵਖਰੇ ਢੰਗ ਹਨ। ਲੋੜ ਤਾਂ ਹੈ ਗੁਰਬਾਣੀ ਨਾਲ ਪਿਆਰ ਉਪਜਾਉਣ ਦੀ ਅਤੇ ਇਹ ਵੇਖਣ ਦੀ ਕਿ ਜਿਹੜੇ ਟੀਕਾਕਾਰ ਗੁਰੂ-ਆਸ਼ਿਆਂ ਤੋਂ ਉਲਟ ਅਰਥ ਕਰਦੇ ਹਨ, ਉਨ੍ਹਾਂ ਬਾਰੇ ਅਸੀਂ ਸੁਚੇਤ ਹੋਈਏ। ਜੋ ਜਿਸ ਦਾ ਜੀਅ ਕਰਦਾ ਹੈ, ਗੁਰਬਾਣੀ ਦੇ ਪੁੱਠੇ ਸਿੱਧੇ ਆਪਣੀ ਮਰਜ਼ੀ ਦੇ ਅਰਥ ਕਰ ਕੇ ਆਪੋ ਆਪਣਾ ਗੁਰੂ-ਡੰਮ ਚਲਾਈ ਜਾ ਰਿਹਾ ਹੈ। ਅਸੀਂ ਪ੍ਰਿੰਸੀਪਲ ਸਾਹਿਬ ਜੀ ਦੇ ਧੰਨਵਾਦੀ ਹੋਵਾਂਗੇ ਕਿ ਉਹ ਕੌਮ ਨੂੰ ਇਸ ਪਾਸੇ ਵਲ ਪ੍ਰੇਰਨ ਕਿ ਜੋ ਲੋਕ ਗੁਰਬਾਣੀ ਦਾ ਆਸਰਾ ਲੈ ਕੇ, ਗੁਰਬਾਣੀ ਦੀ ਗ਼ਲਤ ਵਰਤੋਂ ਕਰਦੇ ਹਨ ਅਤੇ ਕਈ ਤਰ੍ਹਾਂ ਦੇ ਭੁਲੇਖੇ ਪਾ ਰਹੇ ਹਨ, ਉਨ੍ਹਾਂ ਤੋਂ ਸੁਚੇਤ ਹੋਇਆ ਜਾਵੇ। ਇਸ ਗੱਲ ਦੀ ਡਾਢੀ ਲੋੜ ਹੈ ਕਿ ਪੰਥ ਦੀ ਨੁਮਾਇੰਦਾ ਜਮਾਤ ਸ਼੍ਰੋਮਣੀ ਕਮੇਟੀ ਵਲੋਂ ਇਸ ਸੰਬੰਧ ਵਿਚ ਇਕ ਉਚੇਚਾ ਖੋਜ-ਵਿਭਾਗ ਖੋਲ੍ਹਿਆ ਜਾਵੇ, ਜਿਸ ਵਿਚ ਹਰੇਕ ਉਹ ਪੁਸਤਕ, ਅਖਬਾਰ, ਰਸਾਲਾ ਆਦਿ ਪਹੁੰਚੇ ਜਿਸ ਵਿਚ ਗੁਰੂ ਸਾਹਿਬਾਨ ਅਤੇ ਗੁਰਬਾਣੀ ਬਾਰੇ ਕਿਸੇ ਕਿਸਮ ਦਾ ਵੀ ਜ਼ਿਕਰ ਹੋਵੇ, ਭਾਵੇਂ ਉਹ ਦੁਨੀਆ ਭਰ ਦੀ ਕਿਸੇ ਵੀ ਬੋਲੀ ਵਿਚ ਹੋਵੇ। ਉਨ੍ਹਾਂ ਸਭ ਦੀ ਪੁਣ-ਛਾਣ ਕਰ ਕੇ ਨਾਲੋ ਨਾਲ ਅਸਲੀਅਤ ਪ੍ਰਗਟਾਈ ਜਾਵੇ ਤਾਂ ਹੀ ਅਸੀਂ ਆਪਣੇ ਇਸ ਅਮੋਲਕ ਖ਼ਜ਼ਾਨੇ ਨੂੰ ਸਹੀ ਰੂਪ ਵਿਚ ਸੁਰੱਖਿਅਤ ਰਖ ਸਕਦੇ ਹਾਂ।

ਪ੍ਰਿੰਸੀਪਲ ਜੀ ਨੇ ਆਪਣੇ ਲੇਖ ਵਿਚ ਜੋ ਸੁਝਾ ਦਿਤੇ ਹਨ, ਇਸ ਨੂੰ ਵੀ ਗੁਰਮੁਖ ਪਿਆਰੇ ਵਿਚਾਰ ਸਕਦੇ ਹਨ, ਪਰ ਜੇ ਕੋਈ ਸਜਣ ਆਪਣੀ ਸੋਝੀ ਅਨੁਸਾਰ ਔਖੇ ਪਦਾਂ ਦੇ ਅਰਥ ਦੇ ਕੇ, ਤੁਕਾਂ ਦੇ ਵਾਰਤਕ ਰੂਪ ਵਿਚ ਅਰਥ ਦਿੰਦਾ ਹੈ ਅਤੇ ਪਾਠਕਾਂ ਦੇ ਮਨ ਵਿਚ ਉਸ ਭਾਵ ਨੂੰ ਬਿਠਾਉਣ ਲਈ ਨਾਲ ਹੀ ਕਾਵਿ-ਰੂਪ ਵੀ ਦੇ ਦਿੰਦਾ ਹੈ ਤਾਂ ਇਸ ਦਾ ਕੋਈ ਹਰਜ਼ ਨਹੀਂ।

ਗੁਰਬਾਣੀ ਦਾ ਅਨੁਵਾਦ ਵਾਰਤਕ ਵਿਚ ਹੋਵੇ ਜਾਂ ਕਾਵਿ-ਰੂਪ ਵਿਚ, ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਉਹ ਅਨੁਵ ਦ ਗੁਰਬਾਣੀ ਦੇ ਆਸ਼ੇ ਨੂੰ ਕਿਥੋਂ ਤਕ ਨਿਰੂਪਣ ਕਰਦਾ ਹੈ। ਕੋਈ ਵੀ ਅਨੁਵਾਦ "ਨਾਨਕ-ਬਾਣੀ" ਨਹੀਂ ਬਣ ਸਕਦਾ, ਅਨੁਵਾਦ ਨੇ ਅਨੁਵਾਦ ਹੀ ਰਹਿਣਾ ਹੈ। ਅਰਥ ਕਰਨ ਲਗਿਆਂ ਗੁਰਬਾਣੀ ਦੇ ਸ਼ਬਦਾਂ ਦੇ ਅੰਤ ਵਿਚ ਆਏ ਪਦ "ਨਾਨਕ" ਦਾ ਸਥਾਨ ਦਸਣਾ ਟੀਕਾਕਾਰ ਦਾ ਫ਼ਰਜ਼ ਹੈ ਅਤੇ ਗੁਰੂ ਪਾਤਸ਼ਾਹ ਦੀ ਭੈ-ਭਾਵਨੀ ਵਿਚ ਰਹਿੰਦਿਆਂ ਹੋਇਆਂ ਇਸ ਪਦ ਨੂੰ ਸਹੀ ਰੂਪ ਵਿਚ ਹੀ ਅਰਥਾ ਵਿਚ ਵਰਤਣਾ ਬਣਦਾ ਹੈ।

ਹੁਣ ਤਕ ਕਾਵਿ-ਰੂਪ ਵਿਚ ਗੁਰਬਾਣੀ ਦੇ ਕਈ ਟੀਕੇ ਛਪ ਚੁਕੇ ਹਨ। ਅਜ ਤਕ ਛਪ ਚੁਕੇ ਸਾਰੇ ਅਜਿਹੇ ਟੀਕਿਆਂ ਨੂੰ ਪੰਥਕ ਪੱਧਰ ਤੇ ਵਿਚਾਰ ਕੇ ਵੇਖਣਾ ਚਾਹੀਦਾ ਹੈ ਕਿ ਉਹ ਟੀਕੇ ਕਿਥੋਂ ਤਕ ਗੁਰਮਤਿ ਸੇਧ ਦੇਂਦੇ ਹਨ ਅਤੇ ਨਾਲ ਹੀ ਵੇਖਣ ਦੀ ਲੋੜ ਹੈ ਕਿ ਅਜਿਹੇ ਟੀਕੇ ਛਪਣ ਨਾਲ ਅਸੀਂ ਜੇ ਕੋਈ ਗਲਤੀ ਕਰ ਰਹੇ ਹਾਂ ਤਾਂ ਉਸ ਨੂੰ ਠੀਕ ਕਰਨ ਲਈ ਛੇਤੀ ਹੀ ਕੌਮ ਧਿਆਨ ਦੇਵੇ।

---

**ਫ਼ੌਜੀ ਸਿੰਘਾਂ ਦੇ ਧਿਆਨ ਯੋਗ**—ਜਿਨ੍ਹਾਂ ਸਿੰਘਾਂ ਨੂੰ ਦਾੜ੍ਹੇ ਖੁਲ੍ਹੇ ਰਖਣ ਕਾਰਨ ਸਜ਼ਾਵਾਂ ਦਿਤੀਆਂ ਗਈਆਂ ਅਤੇ ਨੌਕਰੀਓਂ ਕਢੇ ਗਏ, ਉਹ ਆਪਣੇ ਐਡਰੈਸ ਇਸ ਪਤੇ ਤੇ ਭੇਜਣ :—

ਸੁਬੇਗ ਸਿੰਘ, ਗੁਰਦੁਆਰਾ ਸ਼ਾਹਿਬ, ਮੰਨਣ, P. O. ਅਲਾਵਲਪੁਰ (ਜਲੰਧਰ)



www.AKJ.Org

# ਅਮਰ ਅਜ਼ਾਦੀ ਅਰਦਾਸ

## [ਅਥਵਾ ਰਾਜ ਪ੍ਰਮੁਖਤਾ]

[ਵਲੋਂ :—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਪਛਮੀ ਪੰਜਾਬ ਵਿਚ ੧੯੪੭ ਦੇ ਘਲੂਘਾਰੇ ਸਮੇਂ ਮਹਾਰਾਜ ਪਟਿਆਲਾ ਯਾਦਵਿੰਦਰ ਸਿੰਘ ਨੇ ਬੜੀ ਵਿਸ਼ਾਲ ਸਪਿਰਿਟ ਨਾਲ ਮੁਸੀਬਤ-ਫਾਥੇ ਲੋਕਾਂ ਨੂੰ ਬਚਾਉਣ, ਕੱਢ ਕੇ ਲਿਆਉਣ ਅਤੇ ਪੂਰਬੀ ਪੰਜਾਬ ਵਿਚ ਪਹੁੰਚਾਉਣ ਦੀ ਜੋ ਸੇਵਾ ਰਿਆਸਤੀ ਫ਼ੌਜਾਂ ਰਾਹੀਂ, ਮਾਇਕ ਸਹਾਇਤਾ ਰਾਹੀਂ ਅਤੇ ਅਸਲੇ ਰਾਹੀਂ ਨਿਭਾਈ ਅਤੇ ਜੋ ਉਦਾਰਤਾ ਉਜੜੇ ਲੋਕਾਂ ਨੂੰ ਆਪਣੀ ਰਿਆਸਤ ਵਿਚ ਵਸਾਉਣ ਲਈ ਵਿਖਾਈ, ਉਸ ਨਾਲ ਮਹਾਰਾਜਾ ਸਾਹਿਬ ਦਾ ਸਿਖ ਜਗਤ ਵਿਚ ਮਾਣ ਤੇ ਸਤਿਕਾਰ ਬਹੁਤ ਵਧ ਗਿਆ। ਦੁਖੀਆਂ ਦੇ ਹਮਦਰਦ ਹੋਣ ਕਾਰਨ ਆਪ ਨੂੰ ਪੰਥਕ ਆਗੂਆਂ ਚੋਂ ਮੁਖੀ ਮੰਨਿਆ ਜਾਣ ਲਗਾ। ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਭੀ ਆਪ ਨੂੰ ਅਸੀਸ-ਮਈ ਹਲਾਸ਼ੇਰੀ ਦਿਤੀ ਕਿ ਸਭ ਪੰਥਕ ਲੀਡਰ ਫ਼ੇਲ੍ਹ ਹੋ ਚੁਕੇ ਹਨ, ਤੁਸੀਂ ਹੁਣ ਪੰਥ ਦੀ ਵਾਗ-ਡੋਰ ਸੰਭਾਲੋ।

ਇਸ ਸਬੰਧ ਵਿਚ ਪਟਿਆਲਾ ਪੰਥਕ ਵਿਚਾਰਾਂ ਦਾ ਕੇਂਦਰ ਬਣ ਗਿਆ ਅਤੇ ਪੰਥ ਦੀ ਨਵੀਂ ਜਥੇਬੰਦੀ ਦੀ ਸਾਜਨਾ ਲਈ ਪਹਿਲੀ ਕਾਨਫ਼ਰੰਸ ੧੯੪੮ ਦੇ ਅਰੰਭ ਵਿਚ ਪਟਿਆਲਾ ਰਾਜਮਹਿਲਾਂ ਵਿਚ ਹੋਈ। ਇਸ ਨਵੀਨ ਸਾਜਨਾ ਦਾ ਨਾਂ "ਪੰਥਕ ਦਰਬਾਰ" ਰਖਿਆ ਗਿਆ।

ਇਸ ਕਾਨਫ਼ਰੰਸ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਉਚੇਚੇ ਤੌਰ ਤੇ ਸੱਦਿਆ ਗਿਆ ਅਤੇ ਮਹਾਰਾਜਾ ਸਾਹਿਬ ਵਲੋਂ ਭਾਈ ਸਾਹਿਬ ਜੀ ਨੂੰ ਕਾਨਫ਼ਰੰਸ ਦੀ ਅਰੰਭਕ ਅਰਦਾਸ ਕਰਨ ਲਈ ਪ੍ਰੇਰਨਾ ਕੀਤੀ ਗਈ। ਭਾਈ ਸਾਹਿਬ ਵਲੋਂ ਕੀਤੀ ਜਾ ਰਹੀ ਅਰਦਾਸ ਵਿਚ ਜੋ ਕਲਾ ਵਰਤੀ, ਉਹ ਹੇਠ ਲਿਖੇ ਭਾਈ ਸਾਹਿਬ ਦੇ ਸ਼ਬਦਾਂ ਵਿਚ ਭਲੀ ਭਾਂਤ ਨਿਰੂਪਣ ਹੈ।

—ਸੰਪਾਦਕ

ਚਿਰਾਂ ਤੋਂ ਇਕ ਅਵਾਜ਼ ਅੰਤਰ-ਆਤਮੇ ਆ ਰਹੀ ਸੀ ਕਿ ਸ੍ਰੀ ਗੁਰੂ ਦਸਮੇਸ਼ ਜੀ ਦੇ ਅਪਣਾਏ ਘਰ ਦੇ ਅਤੇ ਫੂਲ ਕੀਆਂ ਰਿਆਸਤਾਂ ਦੇ ਸਿਰਤਾਜ ਸ੍ਰੀ ਪਟਲੇਸ਼ ਮੌਜੂਦਾ ਮਹਾਰਾਜਾ ਸਾਹਿਬ ਤੋਂ, ਪੰਥ ਦੇ ਵਾਲੀ ਨੇ ਭੀੜ ਪਏ ਤੇ ਕੋਈ ਵਿਸ਼ਾਲ ਤੇ ਵਿਲੱਖਣ ਸੇਵਾ ਲੈਣੀ ਹੈ। ਮੈਨੂੰ ਅਜ ਤਾਈਂ ਕਿਸੇ ਰਾਜੇ ਮਹਾਰਾਜੇ ਵਡੇ ਤੋਂ ਵਡੇ ਦੁਨੀਆਦਾਰ ਨੂੰ ਮਿਲਣ ਦੀ ਰੁਚੀ ਰਤਾ ਭਰ ਨਹੀਂ ਸੀ ਉਪਜੀ। ਇਸ ਅੰਦਰਲੀ ਆਵਾਜ਼ ਨੇ ਅਜ ਗ਼ੈਬੀ ਉਤਸ਼ਾਹ ਪ੍ਰੇਰਤ ਕੀਤਾ ਕਿ ਅਸਲੀ ਸੌ ਸਾਖੀ ਵਿਚ ਉਚਾਰੇ ਹੋਏ ਸ੍ਰੀ ਦਸਮੇਸ਼ ਦੇ ਭਵਿਖਤ ਬਚਨਾਂ ਦੀ ਅਸ਼ੀਰਵਾਦੀ ਘਟਨਾ-ਮਈ ਥਾਪਨਾ ਸ੍ਰੀ ਮਹਾਰਾਜਾ ਯਾਦਵਿੰਦਰ ਸਿੰਘ ਬਹਾਦਰ ਉਤੇ ਹੀ ਘਟਦੀ ਹੈ।

ਪਹਿਲਾ ਨਿਕਟੀ ਦਰਸ਼ਨ-ਮਿਲਾਪ ਪਿਛਲੇ ਸਾਲ ੩ ਅਗਸਤ (੧੯੪੭) ਨੂੰ ਸੁਤੇ ਸੁਭਾਵ ਹੀ ਉਨ੍ਹਾਂ ਦਾ ਆਣ ਹੋਇਆ। ਮਿਲਣ ਸਾਰ ਚਿਹਰੇ ਦੀ ਪਹਿਲੀ ਝਾਕੀ ਨੇ ਹੀ ਮੇਰੇ ਹਿਰਦੇ ਦੇ ਤਹਿਖ਼ਾਨੇ ਵਿਚ ਇਹ ਗੱਲ ਜਚਾ ਦਿਤੀ ਕਿ ਸਚਮੁਚ ਇਹੋ ਇਕੋ ਇਕ ਵਿਅਕਤੀ ਸਤਿਗੁਰਾਂ ਦੀ ਨਦਰ-ਮਿਹਰ-ਪਾਤਰ ਹੈ, ਜੋ ਇਸ ਆੜੇ ਸਮੇਂ ਪੰਥ ਦੀ ਅਗਵਾਈ ਕਰ ਸਕਦੀ ਹੈ। ਅੰਦਰੋਂ ਸ੍ਰੀ ਮਹਾਰਾਜਾ ਸਾਹਿਬ ਨੂੰ ਭੀ ਸੁਤੇ ਧੁਰਦਧਤਰੀ ਪ੍ਰੇਰਨਾ ਇਹੋ ਹੋ ਚੁਕੀ ਸੀ ਕਿ ਹੁਣ ਵੇਲਾ ਹੈ ਪੰਥ ਦੀ ਅਗਵਾਈ ਕਰਨ ਦਾ। ਉਨ੍ਹਾਂ ਦੀ ਰੁਚੀ ਵੇਖ ਕੇ ਇਸ ਪਹਿਲੀ ਦਰਸ-ਮਿਲਾਪ ਝਾਕੀ ਵਿਚ ਹੀ ਦਾਸ ਨੇ ਉਤਸ਼ਾਹ ਭਰੀ ਅਸੀਸ ਲੋਰੀ-ਮਈ ਹਲਾਸ਼ੇਰੀ ਦਿਤੀ ਕਿ ਸਭ ਪੰਥਕ ਲੀਡਰ ਫ਼ੇਲ੍ਹ ਹੋ ਚੁਕੇ ਹਨ। ਇਸ ਵੇਲੇ ਧੁਰ ਦਰਬਾਰੋਂ ਇਹੀ ਅਗੰਮੀ ਪ੍ਰੇਰਨਾ ਹੈ ਕਿ ਪੰਥ ਦੀ ਅਗਵਾਈ ਇਹੀ ਮਹਾਰਾਜਾ ਕਰੇ। ਭਵਿਖ ਸ੍ਰੀ ਮੁਖ ਜ਼ਰੂਰ ਸੱਚ ਹੋ ਕੇ ਰਹਿਣੇ ਹਨ। ਸ੍ਰੀ ਮਹਾਰਾਜਾ ਸਾਹਿਬ ਨੇ ਖਿੜੇ-ਮੱਥੇ ਸਵੀਕਾਰ ਕੀਤਾ ਅਤੇ ਬਸ਼ਾਸ਼



www.AKJ.Org

ਮੱਥੇ ਵਿਦਾ ਹੋਏ ।

ਕਿੰਚਤ ਸਮੇਂ ਵਿਚ ਹੀ ਪੰਥਕ ਹਾਕ ਪੈ ਗਈ ਪੰਥਕ ਵਾਗ-ਡੋਰ ਸੰਭਾਲਣ ਦੀ। ਓਦੋਂ ਹੀ ਪਤਾ ਲਗਾ ਕਿ ਦਾਸ ਨੂੰ ਸੱਦਾ-ਪੱਤਰ ਆ ਗਿਆ ਸ੍ਰੀ ਮਹਾਰਾਜਾ ਸਾਹਿਬ ਵਲੋਂ ਕਿ ਪੰਥ ਦੀ ਨਵੀਨ ਸਾਜਨਾ ਲਈ ਹੋ ਰਹੀ ਪਹਿਲੀ ਸਮੁੱਚੀ ਪੰਥਕ ਕਾਨਫਰੰਸ ਵਿਚ ਆ ਠਹਿਰੋ। ਪਤਾ ਨਹੀਂ ਕਿਹੜਾ ਅਧਭੁਤ ਉਛਾਲਾ ਟੁੰਭ ਕੇ ਇਸ ਕਾਨਫਰੰਸ ਵਿਚ ਲੈ ਗਿਆ। ਹੋਰ ਜੋ ਕੁਝ ਉਸ ਪਹਿਲੀ ਕਾਨਫਰੰਸ ਵਿਚ ਹੋਇਆ ਸੋ ਹੋਇਆ, ਇਸ ਨਵੀਨ ਪੰਥਕ ਸਾਜਨਾ ਦਾ ਨਾਉਂ "ਪੰਥਕ ਦਰਬਾਰ" ਰਖਿਆ ਗਿਆ ਅਤੇ ਫ਼ੈਸਲਾ ਹੋਇਆ ਕਿ ਮਹਿਲ ਵਿਚ ਵਡਾ ਭਾਰੀ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਕੀਤਾ ਜਾਵੇ। ਦਾਸ ਨੂੰ ਖ਼ਾਸ ਮਹਾਰਾਜਾ ਸਾਹਿਬ ਦੀ ਰਜ਼ਨਾ ਤੋਂ ਉਚਾਰਿਆ ਗਿਆ ਕਿ ਪੰਥਕ ਦਰਬਾਰ ਦੀ ਪਹਿਲੀ ਅਰੰਭਕ ਰਸਮ ਦੀ ਪਵਿਤਰਤਾ ਦਾ ਅਰਦਾਸਾ ਦਾਸ ਸੋਧੇ। ਦਾਸ ਨੇ ਕਦੇ ਅਰਦਾਸਾ ਅਜ ਤਾਈਂ ਕਿਸੇ ਪੰਥਕ ਇਕੱਠ ਵਿਚ ਜਾਂ ਕਿਸੇ ਵੀ ਸਮਾਗਮ ਵਿਚ ਨਹੀਂ ਸੀ ਕੀਤਾ। ਪਤਾ ਨਹੀਂ ਇਹ ਕਿਹੜੀ ਤਾਕਤ ਸੀ ਜਿਸ ਨੇ ਮੇਰੀ ਜ਼ਬਾਨ ਤੇ ਮੋਹਰ ਲਾ ਦਿਤੀ ਅਤੇ ਮੈਨੂੰ ਮੁਕਰਨੋਂ ਮਨ੍ਹਾ ਕਰ ਦਿਤਾ। ਹੁਣ ਇਕ ਪਰਮ ਅਧਭੁਤ ਘਟਨਾ ਹੋਈ, ਜੋ ਅਜ ਤਾਈਂ ਪ੍ਰਗਟ ਪਹਾਰੇ ਕਿਸੇ ਪ੍ਰਕਾਰ ਭੀ ਮਸ਼ਹੂਰ ਨਹੀਂ ਹੋਈ, ਪਰੰਤੂ ਗੁਪਤੋ ਗੁਪਤ ਗੁਰਮੁਖ ਸੀਨਿਆਂ ਨੇ ਉਦੋਂ ਹੀ ਸੰਭਾਲ ਲਈ। ਹੁਣ ਸਮਾਂ ਹੈ ਕਿ ਇਸ ਨੂੰ ਕਲਮ-ਬੰਦ ਕਰ ਕੇ ਪ੍ਰਕਾਸ਼ਤ ਕੀਤਾ ਜਾਵੇ। ਦਾਸ ਨੂੰ ਜਿਸ ਪ੍ਰਬਲ ਮਹਾਂ ਸ਼ਕਤੀ ਨੇ ਅਰਦਾਸ ਕਰਨ ਲਈ ਬੰਨ੍ਹ ਕੇ ਖੜਾ ਕਰ ਦਿਤਾ, ਮੈਨੂੰ ਰੰਚਕ ਪਤਾ ਨਹੀਂ ਕਿ ਅਰਦਾਸ ਮੈਂ ਕਰ ਰਿਹਾ ਹਾਂ ਜਾਂ ਕੋਈ ਹੋਰ ਕਰ ਰਿਹਾ ਹੈ।

ਸ੍ਰੀ ਦਸਮੇਸ਼ ਪਿਤਾ ਜੀ ਦਾ ਧਿਆਨ ਧਰਦਿਆਂ ਹੋਇਆਂ, ਦਸਵੇਂ ਪਿਤਾ ਜੀ ਦਾ ਨਾਉਂ ਲੈਣ ਦੀ ਨੌਬਤ ਜਦੋਂ ਆਈ ਤਾਂ ਇਕ-ਦਮ ਮੇਰੀਆਂ ਮਿਚੀਆਂ ਹੋਈਆਂ ਅੱਖੀਆਂ ਖੁਲ੍ਹ ਗਈਆਂ। ਮੇਰਿਆਂ ਬੰਦ ਨੈਣਾਂ ਵਿਚ ਇਕ ਅਤਿ ਤੇਜ-ਮਈ ਪ੍ਰਕਾਸ਼ ਦਾ ਜੋਤਿ-ਝਲਕਾ ਅੰਦਰੋਂ ਪੈ ਕੇ ਸਾਰੀ ਦ੍ਰਿਸ਼ਟ-ਕ੍ਰਾਂਤੀ ਨੂੰ ਬਾਹਰ ਧੂਅ ਕੇ ਲੈ ਗਿਆ। ਇਕ ਬਿਜਲੀ ਦੇ ਅੱਖ ਫਰੱਕੇ ਲਿਸ਼ਕਾਰੇ ਵਿਚ ਅੱਖੀਆਂ ਨੂੰ ਚੁੰਧਿਆਉਣ ਵਾਲੀ ਨੂਰ-ਜਲਵਨੀ ਐਸੀ ਲਿਸ਼ਕ ਪਈ ਕਿ ਦਰਬਾਰ ਮਹਿਲ ਦੇ ਵਡੇ ਦਰਵਾਜ਼ੇ ਤੋਂ ਸਿਧੀ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਖੜੇ, ਚੌਰ ਕਰ ਰਹੇ ਸ੍ਰੀ ਮਹਾਰਾਜਾ ਸਾਹਿਬ ਜੀ ਦੇ ਸੀਸ ਮੁਖ ਉਤੇ ਜਾ ਚਮਤਕਾਰਕ ਹੋਈ। ਜੀਵ ਅਗਨ ਹੋਸ਼ ਮਸਤੀ ਵਿਚ ਸਾਰੀ ਅਰਦਾਸ ਸਰੰਜਾਮ ਹੋਈ। ਅਰਦਾਸ-ਸਮਾਪਤੀ ਪਿਛੋਂ ਤਤਕਾਲ ਹੀ ਦਰਬਾਰ ਵਿਚ ਬੈਠਿਆਂ, ਕਈ-ਇਕ ਗੁਰਮੁਖ ਰੂਹਾਂ ਨੇ ਇਸ ਜੋਤਿ-ਝਲਕਾਰੇ ਦੇ ਕੌਤਕ ਨੂੰ ਬੜੀ ਹੀ ਅਸਚਰਜਤਾ ਵਿਚ ਵਰਣਨ ਕੀਤਾ। ਇਹ ਕੌਤਕੀ ਝਲਕਾਰਾ ਕੇਵਲ ਪਵਿਤਰ ਤੇ ਗੁਰਮੁਖਤਾ ਵਾਲੀਆਂ ਸੁਧ-ਜੀਵਨੀ ਰੂਹੜੀਆਂ ਨੇ ਹੀ ਨਹੀਂ ਦੇਖਿਆ ਬਲਕਿ ਬਹੁਤ ਸਾਰੀਆਂ ਸਾਧਾਰਨ ਬ੍ਰਿਤ ਵਿਅਕਤੀਆਂ ਨੇ ਭੀ (ਜੋ ਉਸ ਸਮੇਂ ਦਰਬਾਰ ਵਿਚ ਹਾਜ਼ਰ ਸਨ) ਇਸ ਕੌਤਕ ਨੂੰ ਪਰਤੱਖ ਆਪਣੇ ਅਖੀਂ ਵੇਖਿਆ।

ਅਸਾਂ ਸਾਰਿਆਂ ਨੇ ਓਦੋਂ ਹੀ ਇਹ ਨਿਸਚਿਤ ਲਖਣ ਲਾ ਲਿਆ ਸੀ ਕਿ ਕੋਈ ਖ਼ਾਸ ਨਦਰ ਮਿਹਰ ਸ੍ਰੀ ਦਸਮੇਸ਼ ਪਿਤਾ ਦੀ ਸਚਖੰਡੀ ਦਰਗਾਹੋਂ ਪੰਥਕ ਦਰਬਾਰ ਅਤੇ ਖ਼ਾਸ ਕਰ ਪੰਥਕ ਦਰਬਾਰ ਦੇ ਥਾਪੇ ਪਰਧਾਨ ਸ੍ਰੀ ਮਹਾਰਾਜਾ ਸਾਹਿਬ ਪਟਲੇਸ਼ ਬਹਾਦਰ ਉਤੇ ਨਾਜ਼ਲ ਹੋਈ ਹੈ। ਕੋਈ ਦੁਨੀਆ ਦੀ ਤਾਕਤ ਇਸ ਅਟੱਲ ਪਰਤਾਪ ਨੂੰ ਚੁੰਧਿਆ ਨਹੀਂ ਸਕਦੀ। ਕੋਈ ਰਾਜਸੀ ਮੁਦੱਬਰਾਂ ਦੀ ਸਾਜ਼ਸ਼ ਇਸ ਨੂੰ ਦਬਾ ਨਹੀਂ ਸਕਦੀ। ਇਸ ਅਲੌਕਿਕ ਘਟਨਾ ਤੋਂ ਪਿਛੋਂ ਸ੍ਰੀ ਗੁਰੂ ਦਸਮੇਸ਼ ਜੀ ਦੇ ਚੋਜ-ਵਿਡਾਣੇ ਬਾਜ ਨੇ, ਜੋ ਸਾਰੇ ਪੰਥਕ ਅਸਥਾਨਾਂ ਨੂੰ ਛਡ ਕੇ ਖ਼ਾਸ ਪਟਿਆਲੇ ਸ੍ਰੀ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਤੇ ਮਹੀਨਿਆਂ ਬਧੀ ਹਜ਼ਾਰਾਂ ਲਖਾਂ ਅਧਿਕਾਰੀ ਜਨਾਂ ਨੂੰ ਆਪਣੇ ਚੋਜ ਨਿਸ਼ਾਣੇ ਦਰਸ਼ਨ ਦਿਤੇ, ਇਹ ਦੂਜੀ ਅਗੰਮੀ ਨਦਰ ਮਿਹਰ ਖ਼ਾਸ ਗੁਰੂ ਘਰੋਂ-ਦਰੋਂ ਵਰੋਸਾਏ ਸ੍ਰੀ ਮਹਾਰਾਜਾ ਸਾਹਿਬ ਪਾਟਲ-ਪਤੀ ਉਤੇ ਰਜ ਰਜ ਕੇ, ਗਜ ਵਜ ਕੇ ਬਰਸੀ ਸਰਸੀ ਹੈ।

ਇਸ ਚੋਜ ਵਿਡਾਣੇ ਬਾਜ ਦੀ ਕਥਾ ਵਿਸਤਾਰ ਸਹਿਤ ਕਿਸੇ ਹੋਰ ਅਲੱਗ ਲੇਖ ਵਿਚ ਅੰਕਿਤ ਕੀਤੀ



www.AKJ.Org

ਜਾਵੇਗੀ। ਇਥੇ ਕੇਵਲ ਇਹੋ ਦਸਣਾ ਦਰਸਾਉਣਾ ਦਰਕਾਰ ਹੈ ਕਿ ਏਜ਼ਦ ਮਨਜ਼ੂਰੀ ਚੋਜ ਵਿਡਾਣਾ ਜ਼ਰੂਰ ਨਾਸਰੋ ਮਨਸੂਰ ਬੁਲਾਉਣ ਲਈ ਸ੍ਰੀ ਮਹਾਰਾਜਾ ਸਾਹਿਬ ਪਟਿਆਲਾ ਉਤੇ ਹੀ ਉਜਾਗਰ ਹੋਇਆ ਅਤੇ ਸਜੀ ਪੰਥਕ ਅਗਵਾਈ ਦੀ ਪ੍ਰਪਕਤਾ ਲਈ ਹੋਇਆ ਹੈ।

ਅੱਤ ਅਸਚਰਜਤਾ ਵਾਲੀ ਰੱਬੀ ਰਮਜ਼ ਇਹ ਹੋਈ ਹੈ ਕਿ ਸ੍ਰੀ ਮਹਾਰਾਜਾ ਸਾਹਿਬ ਪਟਿਆਲਾ ਨੂੰ ਰਾਜ ਪ੍ਰਮੁਖਤਾ ਦੀ ਪਦਵੀ ਮਿਲਣ ਦੀ ਦੇਰ ਹੀ ਸੀ ਕਿ ਉਹ ਚੋਜੀ ਬਾਜ, ਸ੍ਰੀ ਬਾਜਾਂ ਵਾਲੇ ਸਚੇ ਗੁਰੂ ਪਾਤਸ਼ਾਹ ਦਾ ਪਠਾਇਆ ਹੋਇਆ ਉਸੇ ਦਿਨ ਤੋਂ ਗੁਪਤ ਲੁਪਤ ਹੋ ਗਿਆ। ਅਸਾਡਾ ਚੋਜੀ ਗੁਰੂ ਦਸਮੇਸ਼ ਪਾਤਸ਼ਾਹ ਫੇਰ ਵੀ ਗੁਪਤ ਪੱਖ ਦਰਸ਼ਾਉਣ ਦਰਪਾਉਣ ਲਈ ਸਮੇਂ ਸਮੇਂ ਸਿਰ ਪੰਥ ਦੀ ਅਗਵਾਈ ਪੰਥਕ ਆਗੂ ਦੇ ਸੀਸ ਸਿਹਰਾਉਣ ਲਈ ਚੋਜੀ ਕੌਤਕ ਵਰਤਾਉਂਦਾ ਰਹੇਗਾ।

ਜੈਸਾ ਕਿ ਸੌ ਸਾਖੀ ਦੇ ਭਵਿਖਤੀ ਵਾਕ ਹਨ ਕਿ ਜਦੋਂ ਕਦੀ ਵੀ ਪੰਥ ਤੇ ਭੀੜ ਬਣੇਗੀ ਤਦੋਂ ਹੀ ਪੰਥ ਨੂੰ ਬਲ ਬਖ਼ਸ਼ਣ ਲਈ "ਗੁਪਤ ਪੱਖ ਹਓ ਭੀ ਤਥ ਕਰਉ"। ਸਾਡੀ ਇਹ ਅਸੀਸ ਹੈ ਕਿ ਇਹ ਗੁਰ-ਮਿਹਰ ਨਦਰਾਵੀ ਸਿਹਰਾ, ਇਸ ਗੁਰੂ ਵਿਦਤਾਏ, ਗੁਰੂ ਪ੍ਰਗਟਾਏ, ਗੁਰੂ ਵਰੋਸਾਏ ਆਗੂ ਦੇ ਸੀਸ ਉਤੇ ਸਦਾ ਸਦਾ ਲਈ ਸਸ਼ੋਭਤ ਰਹੇ।

### ਸੰਪਾਦਕੀ ਨੋਟ–

ਜਿੰਨਾ ਚਿਰ ਮਹਾਰਾਜਾ ਪਟਿਆਲਾ ਨਿਰੋਲ ਗੁਰੂ ਅਕਾਲ ਪੁਰਖ ਦੇ ਅਟੱਲ ਵਿਸ਼ਵਾਸ ਤੇ ਕਾਇਮ ਰਹੇ, ਚੋਜੀ ਪਾਤਸ਼ਾਹ ਦੀ ਇਹ ਚੋਜੀ ਕਲਾ ਜ਼ਾਹਰਾ ਜ਼ਹੂਰ ਵਰਤਦੀ ਰਹੀ, ਪਰ ਜਦੋਂ ਕੁਝ ਸਮੇਂ ਪਿਛੋਂ ਮਹਾਰਾਜਾ ਸਾਹਿਬ ਕਾਂਗਰਸੀ ਦਬੈਲਤਾ ਬਲੇ ਆ ਗਏ, ਅਤੇ ਆਪਣੀ ਸੁਤੰਤਰ ਹਸਤੀ ਖ਼ਤਮ ਕਰ ਕੇ ਪਰ-ਅਧੀਨਤਾ ਵਾਲੀ ਰਾਜ-ਪ੍ਰਮੁਖਤਾ ਪਰਵਾਨ ਕਰ ਲਈ ਤਾਂ ਇਹ ਚੋਜੀ ਕਲਾ ਵਰਤਣੀ ਬੰਦ ਹੋ ਗਈ ਅਤੇ ਚੜ੍ਹਦੀ ਕਲਾ ਵਾਲਾ ਤੇਜ ਪਰਤਾਪ ਜਾਂਦਾ ਰਿਹਾ ਅਤੇ ਮਹਾਰਾਜੇ ਦੀ ਭਰਪੂਰ ਵਿਰੋਧਤਾ ਹੋਣੀ ਸ਼ੁਰੂ ਹੋ ਗਈ।

ਇਸ ਤੋਂ ਉਪਰੰਤ ੨੨ ਅਕਤੂਬਰ ੧੯੪੮ ਨੂੰ ਗੁਰਦਵਾਰਾ ਟਾਹਲੀ ਸਾਹਿਬ ਪਾਤਸ਼ਾਹੀ ਦਸਵੀਂ ਪਿੰਡ ਰਤਨ ਜੋਧਾਂ ਮਨਸੂਰਾਂ ਜ਼ਿਲਾ ਲੁਧਿਆਣਾ ਵਿਖੇ ਪੰਥਕ ਦਰਬਾਰ ਵਲੋਂ ਕਾਨਫ਼ਰੰਸ ਹੋਈ, ਜਿਸ ਦੇ ਪਰਧਾਨ ਭਾਈ ਸਾਹਿਬ ਜੀ ਨੂੰ ਥਾਪਿਆ ਗਿਆ।

ਇਸ ਕਾਨਫ਼ਰੰਸ ਦੇ ਆਰੰਭ ਵਿਚ ਹੀ ਭਾਈ ਸਾਹਿਬ ਵਲੋਂ ਲਿਖਿਆ ਗਿਆ ਪ੍ਰਧਾਨਗੀ ਐਡਰੈਸ ਗਿ: ਭਗਤ ਸਿੰਘ ਜੀ ਨੇ ਅਜਿਹਾ ਪੜ੍ਹ ਕੇ ਸੁਣਾਇਆ ਕਿ ਇਸ ਨੇ ਸਭ ਆਗੂਆਂ ਦੇ, ਸਣੇ ਮਹਾਰਾਜਾ ਸਾਹਿਬ ਦੇ ਕੰਨ ਖੋਲ੍ਹ ਦਿਤੇ ਅਤੇ ਅਜਿਹੀ ਖੁੰਬ ਠੱਪੀ ਕਿ ਨਾਲ ਹੀ ਇਸ ਪੰਥਕ ਦਰਬਾਰ ਦਾ ਵੀ ਕੀਰਤਨ ਸੋਹਿਲਾ ਪੜ੍ਹਿਆ ਗਿਆ।

ਹੇਠਾਂ ਭਾਈ ਸਾਹਿਬ ਦਾ ਉਹ ਪ੍ਰਧਾਨਗੀ ਐਡਰੈਸ ਹੂਬਹੂ ਦਿਤਾ ਜਾ ਰਿਹਾ ਹੈ। ਸਮਾਂ ਬਦਲਣ ਕਰਕੇ ਇਸ ਲੇਖ ਦੇ ਕਈ ਤਥ ਹੁਣ ਆਪਣੀ ਰੂਪ-ਰੇਖਾ ਬਦਲ ਚੁਕੇ ਹਨ।

## ਖ਼ਾਲਸਾ ਜੀ ਦਾ ਰਾਜਸੀ ਉੱਚ ਆਦਰਸ਼

### "ਰਾਜ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕੰਵਲਾ ਰੇ"

ਨਿਰੰਕਾਰੀ ਪ੍ਰੀਤਿ ਅਗੰਮੀ ਦੇ ਉਚ ਪਰਮਾਰਥੀਆਂ ਅਤੇ ਨਿਰਾਕਾਰ ਚਰਨ ਕਮਲਾਰ ਦੇ ਦਰਸ਼ਨ ਭੰਵਰਾਰਥੀਆਂ ਨੂੰ ਸਚਮੁਚ ਰਾਜ ਸਾਜੀ ਮੁਕਤਿ ਪਾਜੀ ਚਾਹਨਾ ਹੀ ਨਹੀਂ ਉਪਜਦੀ। ਐਜ ਮਸਤੋਜੀ ਮਉਜ ਵਿਚ ਉਹਨਾਂ ਨੂੰ ਇਸ ਬਪੜੀ ਚਾਹਨਾ ਦਾ ਫੁਰਨਾ ਹੀ ਨਹੀਂ ਫੁਰਦਾ। ਉਨ੍ਹਾਂ ਦੇ ਸਾਹਮਣੇ ਸਗਲ ਸ੍ਰਿਸ਼ਟੀ ਦਾ ਰਾਜ ਅਤੇ ਸੁਰਗ ਬਾਂਛਾਰੀ ਮੁਕਤਿ ਮੁਕਤਾਜ ਸਭ ਹੇਚ ਹੈ। ਇਹ ਦੁਨਿਆਵੀ ਸਿਕਦਾਰੀਆਂ



www.AKJ.Org

ਗਿਰੰਬਾਰੀਆਂ ਅਤੇ ਫੋਕੀ ਲੀਡਰੀ ਦੀਆਂ ਨਾਮਵਰੀਆਂ ਸਭ ਤੁਛ ਹਨ। ਰਾਜ ਭਾਗ ਦਾ ਤ੍ਰਿਸ਼ਨਾਲੂ ਹੋਣਾ ਗੁਰਮਤਿ ਧਰਮ ਦੇ ਪਰਮਾਰਥ ਤੋਂ ਪ੍ਰਤਿਕੂਲ ਹੈ। ਪਰ ਇਹ ਗੱਲ ਆਖਣੀ ਕਿ ਰਾਜ ਯਾ ਰਾਜਸੀ ਪਾਲਿਟੈਕਸ ਦਾ ਗੁਰਮਤਿ ਧਰਮ ਦੇ ਪਰਮਾਰਥੀਆਂ ਨਾਲ ਕੋਈ ਵਾਸਤਾ ਨਹੀਂ, ਇਹ ਗੁਰਮਤਿ ਧਰਮ ਤੋਂ ਘੁਥੇ ਹੋਏ, ਅਉਝੜ ਪਏ ਹੋਏ ਪਾਲੀਟੀਸ਼ਨਾਂ ਦੀ ਫ਼ੈਲਿਸੀ (fallacy) ਭਰੀ ਲਾਜਿਕ (logic) ਹੈ। ਜੇ ਤਾਂ ਪਾਲਿਟੈਕਸ ਦਾ ਅਰਥ ਨਿਰੀ ਪਾਲਿਸੀ ਅਤੇ ਡਿਪਲੋਮੇਸੀ ਹੈ, ਤਦ ਤਾਂ ਸਚਮੁਚ ਐਸੀ ਪਾਲਿਟੈਕਸ ਨਾਲ ਗੁਰਮਤਿ ਧਰਮ ਪਰਮਾਰਥ ਦਾ ਕੋਈ ਸਬੰਧ ਨਹੀਂ।

ਪਰੰਤੂ ਤਤ ਰਾਜ ਵਿਥਾਰਨ-ਮਈ ਸਚੀ ਪਾਲਿਟੈਕਸ ਕੇਵਲ ਧਰਮ ਪਰਮਾਰਥ ਦੇ ਧੁਰਵੇ ਤੋਂ ਹੀ ਉਪਜਦੀ ਹੈ। ਸੰਸਾਰ ਭਰ ਦੇ ਰਾਜਾਂ ਵਿਚੋਂ ਕਾਮਯਾਬ ਕੇਵਲ ਧਰਮ ਦਾ ਰਾਜ ਹੀ ਹੈ। ਪਰੰਤੂ ਸਾਫ਼ ਵੇਖਣ ਵਿਚ ਆਉਂਦਾ ਹੈ ਕਿ ਕਿਸੇ ਭੀ ਪਰਮਾਰਥੋਂ ਸੱਖਣੇ ਰਾਜ ਵਿਚ ਧਰਮ ਉੱਕਾ ਹੀ ਨਹੀਂ ਰਿਹਾ। ਗੁਰਮਤਿ ਧਰਮ ਅੰਦਰ ਰਾਜਗੀਰੀ ਦੀ ਹਵਸ ਦਾ ਨਾਮ-ਨਿਸ਼ਾਨ ਨਹੀਂ। ਹਾਂ ਰਾਜ-ਗਰਦੀ ਨੂੰ ਪ੍ਰਬੋਧਣਾ ਅਤੇ ਅਧਰਮੀਆਂ ਉਪਦ੍ਰਵੀਆਂ ਨੂੰ ਸੋਧਣਾ ਅਤੇ ਇਸ ਸੋਧ ਪ੍ਰਬੋਧ ਕੇ ਹਲੇਮੀ ਰਾਜ ਵਿਥਾਰਣਾ, ਪੂਰਨ ਪਰਮਾਰਥੀ ਗੁਰਮਤਿ ਹੈ। ਪਰਮਾਰਥੀ ਆਤਮ ਔਜ ਦੇ ਧਰਮ ਅਰੂੜਤ ਸੱਚੇ ਨਿਸ਼ਕਾਮ ਪਰਉਪਕਾਰੀ ਜਨਾਂ ਅੰਦਰ ਹੀ ਸਚੀ ਸਪਿਰਟ ਹੈ ਕਿ ਧਰਮ ਅਨਿਆਉਂ ਦੀ ਜੜ੍ਹ ਉਖਾੜ ਕੇ, ਜਾਨਾਂ ਹੂਲ ਹੂਲ ਕੇ ਸਚੀ ਅਮਨ ਸ਼ਾਂਤੀ ਦੇਸ਼ ਅੰਦਰ ਵਰਤਾਈ ਜਾਵੇ। ਦੇਸ਼-ਦਰਦੀਆਂ ਦੀ ਜਮਾਤ ਓਹੀ ਹੋ ਸਕਦੀ ਹੈ, ਜਿਸ ਦੇ ਹਰੇਕ ਫ਼ਰਦੇ-ਬਸ਼ਰ ਅੰਦਰ ਸੱਚੀ ਪਰਸੁਆਰਥੀ ਅਤੇ ਸੱਚੀ ਪਰਉਪਕਾਰੀ ਸਪਿਰਟ ਵਾਲਾ ਦਰਦ ਹੋਵੇ। ਅਤੇ ਇਹ ਸਪਿਰਟ ਉਪਜਦੀ ਹੈ ਤਾਂ ਕੇਵਲ ਆਤਮ-ਔਜੀ ਸਚੇ ਸੁਚੇ ਪਰਮਾਰਥੀ ਜੀਵਨ ਵਾਲੀ ਵਿਅਕਤੀਆਂ ਵਿਚ ਉਪਜਦੀ ਹੈ। ਪਰਮਾਰਥੀ ਪਰਉਪਕਾਰ ਪਿੜ ਵਿਚ ਕੇਵਲ ਨਿਸ਼ਕਾਮ ਆਤਮ ਔਜ ਵਾਲੇ, ਪ੍ਰਮਾਤਮਾ ਨਾਲ ਜੁੜੇ ਹੋਏ ਜੀਉੜੇ ਹੀ ਜੂਝਦੇ ਹਨ ਅਤੇ ਇਹੀ ਸੱਚੇ ਸੂਰਮੇ ਹਨ। ਸਚੀ ਸੂਰਮਗਤੀ ਆਤਮ ਪਰਮਾਤਮੀ ਰੰਗਾਂ ਵਾਲੇ ਗੁਰਮੁਖ ਜਨਾਂ ਨੂੰ ਹੀ ਸ਼ੋਭਦੀ ਹੈ। ਜੈਸਾ ਕਿ ਗੁਰਵਾਕ ਹੈ :—

"ਜਾ ਕਉ ਹਰਿ ਰੰਗੁ ਲਾਗਉ ਇਸ ਜੁਗ ਮਹਿ
ਸੋ ਕਹੀਅਤ ਹੈ ਸੂਰਾ ॥ ਆਤਮ ਜਿਣੈ ਸਗਲ
ਵਸਿ ਤਾ ਕੈ ਜਾ ਕਾ ਸਤਿਗੁਰ ਪੂਰਾ ॥"

ਤਾਂ ਤੇ ਸਚੀ ਸੂਰਮਤਾ ਅਤੇ ਨਿਰਭੈਤਾ ਵਾਲੇ ਧਰਮ-ਜੁਝਾਰੀ ਅਤੇ ਪਰਉਪਕਾਰੀ ਜਨ ਵਾਸਤਵ ਵਿਚ ਓਹੀ ਹੋ ਸਕਦੇ ਹਨ, ਜਿਨ੍ਹਾਂ ਦਾ ਰੋਮ ਰੋਮ ਆਤਮ ਰੰਗਾਂ ਵਿਚ ਰੰਗੀਜਿਆ ਹੋਇਆ ਹੋਵੇ। ਆਪਣੇ ਨਫਸ ਉਤੇ ਹਾਵੀ ਹੋ ਕੇ ਮਨ ਨੂੰ ਜਿਤਣ ਵਾਲੇ ਹੀ ਜਗ ਨੂੰ ਜਿਤ ਸਕਦੇ ਹਨ, ਸਾਰੇ ਜਗ ਨੂੰ ਜਿਤ ਲੈਂਦੇ ਹਨ। ਇਹ ਆਤਮ-ਜਿਣੀ-ਜੋਧੇ ਉਹੀ ਹੋ ਸਕਦੇ ਹਨ ਜੋ ਸਤਿਗੁਰ ਪੂਰੇ ਗੁਰੂ ਨਾਨਕ ਦਸਮੇਸ਼ ਦੇ ਸੱਚੇ ਸਿੱਖ ਅਤੇ ਸਿੰਘ ਸੂਰਮੇ ਹੋਣ। ਇਸ ਸੱਚੀ ਸੂਰਬੀਰਤਾ ਤੋਂ ਊਣੀ ਅਤੇ ਊਰੀ ਦੇਸ਼-ਭਗਤੀ ਰਾਜ-ਸਾਜ਼ੀ ਤਬਕੇ ਵਿਚ ਕਿਸੇ ਭੀ ਲੇਖੇ ਨਹੀਂ। ਧਰਮ-ਬੀਰਤਾ ਤੋਂ ਖ਼ਾਲੀ ਦੇਸ਼-ਭਗਤੀਆਂ ਐਵੇਂ ਕਹਿਣ ਕਹਾਉਣ ਨੂੰ ਹੀ ਦੇਸ਼-ਭਗਤੀਆਂ ਹਨ, ਤਤ ਦੇਸ਼-ਭਗਤੀ ਦਾ ਏਥੇ ਨਮੂਦ ਹੀ ਨਹੀਂ। ਧਰਮ-ਸ਼ੂਨ ਪਰਮਾਰਥ ਬਿਹੂਣ ਦੇਸ਼-ਭਗਤੀ ਸ਼ੁਸ਼ਕ ਅਤੇ ਫੋਕੀ ਦੇਸ਼-ਭਗਤੀ ਹੈ। ਭਗਤੀ ਦਾ ਪਦ ਏਥੇ ਫਬਦਾ ਹੀ ਨਹੀਂ, ਭਾਵੇਂ ਲਖ ਕੜੀਆਂ ਕਾਂਗਰਸਾਂ ਇਕੱਠੀਆਂ ਹੋ ਕੇ ਦਾਅਵਾ ਬੰਨ੍ਹਦੀਆਂ ਫਿਰਨ। ਸੱਚੀ ਦੇਸ਼-ਭਗਤੀ ਪਰਮਾਰਥ ਦੇ ਸੱਚੇ ਆਤਮ-ਜਜ਼ਬੇ ਚੋਂ ਹੈ ਅਤੇ ਇਹ ਸੱਚੀ ਸਪਿਰਟ-ਆਤਮ ਵਾਲਾ ਜਜ਼ਬਾ ਜਿਸ ਕੌਮ, ਜਿਸ ਪੰਥ ਵਿਚ ਹੈ, ਓਹੀ ਸੱਚੀ ਦੇਸ਼-ਭਗਤ ਕੌਮ ਹੈ, ਓਹੋ ਤਤ-ਪਰਮਾਰਥੀ ਸੱਚਾ ਪਰਉਪਕਾਰੀ ਪੰਥ ਹੈ। ਖਾਲਸਾ ਪੰਥ ਅਜਿਹੇ ਆਤਮ ਔਜੀ ਤਤ ਪ੍ਰਮਾਰਥੀਆਂ ਦਾ ਸਮੂਹ ਹੈ।

ਅਸਾਡੇ ਸਿਖ-ਲੇਬਲੀ ਲੀਡਰਾਂ ਨੂੰ ਇਹ ਕਹਿੰਦੇ ਹੋਏ ਲੱਜਾ ਨਹੀਂ ਆਉਂਦੀ ਕਿ ਪਹਿਲਾਂ ਦੇਸ਼ ਤੇ ਪਿਛੋਂ ਪੰਥ; ਅਵਲ ਕਾਂਗਰਸ ਤੇ ਦੋਇਮ ਪੰਥ ਹੈ। ਅਸਾਡੇ ਕਈ ਇਕ ਬਾਹਲੇ ਹੀ ਕਾਂਗਰਸੀ ਬਣੇ



www.AKJ.Org

ਸਿਰਲੱਥ ਐਮ. ਐਲ. ਏ. ਤੇ ਮਨਿਸਟਰਾਂ ਨੇ ਆਪਣੇ ਭਾਸ਼ਣਾਂ ਵਿਚ ਇਉਂ ਉਚਰਿਆ ਹੈ ਕਿ "ਜਿਸ ਦੇ ਦਿਲ ਅੰਦਰ ਦੇਸ਼ ਦਾ ਪਿਆਰ ਨਹੀਂ, ਓਹ ਦੇਸ਼ ਅਤੇ ਪੰਥ ਦੀ ਸੇਵਾ ਨਹੀਂ ਕਰ ਸਕਦਾ, ਨਾ ਹੀ ਉਹ ਦੇਸ਼ ਅਤੇ ਪੰਥ ਨੂੰ ਬਚਾ ਸਕਦਾ ਹੈ। ਜੇ ਹਿੰਦੁਸਤਾਨ ਨਾ ਰਿਹਾ ਤਾਂ ਪੰਥ ਕਿਵੇਂ ਬਚੇਗਾ। ਅਸਾਂ ਹਿੰਦੁਸਤਾਨ ਵਿਚ ਰਾਜ ਕਰਨਾ ਹੈ ਹਿੰਦੁਸਤਾਨੀ ਬਣ ਕੇ। ਜਿਹੜੇ ਲੋਕ ਹਿੰਦੂ-ਸਿਖ ਰਾਜ ਦੇ ਸੁਪਨੇ ਵੇਖ ਰਹੇ ਹਨ ਓਹ ਰਾਜ ਕਰ ਹੀ ਨਹੀਂ ਸਕਦੇ।" ਕੈਸਾ ਹੋਛੀ-ਹਮਾਕਤ-ਭਰਿਆ ਕੋਝਾ ਖ਼ਿਆਲ ਹੈ। ਓਸ ਤੋਂ ਕੋਈ ਪੁਛੇ ਕਿ ਦੇਸ਼ ਦਾ ਪਿਆਰ ਪਰਮਾਰਥਕ ਜ਼ਿੰਦਗੀ ਬਿਹੂਣ, ਧਾਰਮਿਕ ਜੀਵਨ ਬਿਨਾਂ ਕਿਵੇਂ ਕਿਸੇ ਦੇ ਅੰਦਰ ਉਪਜ ਸਕਦਾ ਹੈ। ਜਿਸ ਦਾ ਦਿਲ ਪਰਮਾਰਥੀ ਪਿਆਰ ਤੋਂ ਖ਼ਾਲੀ ਹੈ ਅਤੇ ਧਾਰਮਿਕ ਸਪਿਰਟ ਤੋਂ ਸੂਨ ਹੈ ਓਸ ਦੇ ਅੰਦਰ ਦੇਸ਼ ਦਾ ਪਿਆਰ ਕਿਵੇਂ ਪਰਵੇਸ਼ ਕਰ ਸਕਦਾ ਹੈ ?

ਧਰਮ-ਉਪਕਾਰੀ ਪਰਮਾਰਥੀ ਦਰਦ ਨਾਲ ਭਰਪੂਰ ਲੀਣੇ ਪੰਥਕ ਪਿਆਰ ਵਾਲੇ ਹਿਰਦੇ ਹੀ ਦੇਸ਼ ਨਾਲ ਪਿਆਰ ਕਰ ਸਕਦੇ ਹਨ। ਇਕ ਦੇਸ਼ ਨਾਲ ਕੀ, ਪਿਆਰੇ ਵਾਹਿਗੁਰੂ ਰਚਨਹਾਰ ਸਿਰਜਨਹਾਰ ਦੀ ਸਾਰੀ ਚਰਾਚਰ ਰਚਨਾ ਨਾਲ ਪਿਆਰ ਕਰਦੇ ਹਨ। ਫੋਕਟ ਨਿਜ-ਦੇਸੀ ਪਿਆਰ ਵਾਲਿਆਂ ਨੂੰ ਪਰਾਏ ਦੇਸਾਂ ਨਾਲ ਪਿਆਰ ਕਰਨਾ ਹੀ ਨਹੀਂ ਆਉ ਦਾ। ਓਹ ਸਗੋਂ ਦੇਸ਼ ਬਦੇਸ਼ ਦੀ ਵਿਤਕਰੇ ਵਾਲੀ ਬੀਮਾਰੀ ਵਿਚ ਸੜੇ ਬੁਝੇ, ਰਿੱਝਦੇ ਕਰੁਝਦੇ ਰਹਿੰਦੇ ਹਨ। ਦੂਜੇ ਦੇਸਾ ਨਾਲ ਦ੍ਵੈਸ਼ ਅਤੇ ਆਪਣੇ ਦੇਸ਼ ਨਾਲ ਪਿਆਰ, ਇਹ ਕਿਧਰਲਾ ਪਿਆਰ ਹੈ ! ਪਿਆਰ ਪਦ ਨੂੰ ਹਾਸੋਹੀਣ ਕਰਨ ਵਾਲਾ ਖ਼ਿਆਲ ਹੈ। ਪਰਮਾਰਥੀ ਪਿਆਰ ਵਾਲਿਆਂ ਨੂੰ ਦੇਸ਼ ਬਦੇਸ਼ ਦੇ ਵਿਤਕਰੇ ਵਾਲੇ ਝਗੜੇ ਵਿਚ ਪੈਣ ਦੀ ਲੋੜ ਹੀ ਨਹੀਂ। ਓਹਨਾਂ ਨੇ ਤਾ ਸਾਰੀ ਕਾਇਨਾਤ ਨਾਲ ਪਿਆਰ ਕਰਨਾ ਹੈ। ਦੁਸ਼ਟ ਦੋਖੀ ਜ਼ਾਲਮ ਉਪਦ੍ਰਵੀ ਭਾਵੇਂ ਕਿਸੇ ਦੇਸ਼ ਦੇ ਹੋਣ, ਭਾਵੇਂ ਆਪਣੇ ਦੇਸ਼ ਦੇ, ਭਾਵੇਂ ਦੂਸਰੇ ਦੇਸ਼ ਦੇ, ਓਹਨਾਂ ਸਾਰਿਆਂ ਨੂੰ ਸੋਧਣਾ ਹੈ ਅਤੇ ਸੋਧ ਸਾਧ ਕੇ ਸਾਰੀ ਸ੍ਰਿਸ਼ਟੀ ਤੇ ਧਰਮ, ਅਮਨ ਦਾ ਰਾਜ ਵਿਥਾਰਨਾ ਹੈ। ਤਾਂ ਤੇ ਸਚੇ ਪਰਮਾਰਥੀ ਪੰਥਕ ਪਿਆਰ ਵਾਲੇ ਹੀ, ਦੇਸ਼ ਅਤੇ ਸੱਚੇ ਦੇਸ਼-ਵਾਸੀਆਂ ਨਾਲ ਪਿਆਰ ਕਰ ਸਕਦੇ ਹਨ। ਜ਼ੁਲਮੀ ਬੰਦੇ, ਮਲੇਛ, ਗੰਦੇ, ਸਾਡੇ ਪਰਮਾਰਥੀ ਦੇਸ਼ ਦੇ ਬਸ਼ਿੰਦੇ ਹੀ ਨਹੀਂ। ਅਜਿਹੇ ਹੱਦ-ਬੰਦੀ ਵਾਲੇ ਦੇਸ਼-ਪਿਆਰ ਤੋਂ ਰਹਿਤ ਪਰਮਾਰਥੀ ਲੋਕ ਹੀ ਹਨ ਅਤੇ ਦੇਸ਼, ਨਿਜ ਦੇਸ਼ ਦੀ ਮਮਤਾ ਤੋਂ ਅ-ਮਮਤ ਹੋ ਕੇ ਦੇਸ਼ ਪਰਦੇਸ਼ ਦੇ ਵਿਤਕਰੇ ਤੋਂ ਬਿਰੱਕਤ ਰਹਿੰਦੇ ਹਨ—

"ਮਨ ਪਰਦੇਸੀ ਜੇ ਥੀਐ ਸਭ ਦੇਸ ਪਰਾਇਆ ॥"

ਦੇਸ਼ ਬਦੇਸ਼ ਦੇ ਵਿਤਕਰੇ ਤੋਂ ਵਿਰੱਕਤ ਪਰਮਾਰਥ ਸ਼ੈਦਾਈ, ਪਰਉਪਕਾਰ ਦੇ ਪੁਤਲੇ, ਸਚੇ ਧਰਮ ਪੰਥੀ ਜੀਉੜੇ ਹੀ ਪੰਥ ਅਤੇ ਦੇਸ਼ ਦੀ ਸੱਚੀ ਨਿਸ਼ਕਾਮ ਸੇਵਾ ਕਰ ਸਕਦੇ ਹਨ। ਫੋਕੀਆਂ ਦੇਸ਼-ਪਿਆਰ ਦੀਆਂ ਟਾਹਰਾਂ ਮਾਰਨ ਵਾਲੇ ਨਾ ਹੀ ਪੰਥ ਦਾ ਕੁਝ ਸੰਵਾਰ ਸਕਦੇ ਹਨ, ਨਾ ਹੀ ਦੇਸ਼ ਦਾ। ਓਹਨਾਂ ਨੂੰ ਤਾਂ ਫੋਕੀਆਂ ਲੀਡਰੀਆਂ ਦੀ ਲਿਲ ਹੀ ਲਗੀ ਹੋਈ ਹੈ। ਕਿਸੇ ਨੂੰ ਐਮ. ਐਲ. ਏ. ਬੱਣਨ ਦਾ ਚਸਕਾ ਹੈ, ਕਿਸੇ ਨੂੰ ਮਨਿਸਟਰੀ ਸਾਂਭਣ ਦਾ ਸੁਆਉ ਹੈ, ਕਿਸੇ ਨੂੰ ਕੁਝ ਬਣ ਬੈਠਣ ਦਾ ਚਾਓ। ਅਜਿਹੇ ਸੁਆਰਥੀ ਖ਼ੁਦਗਰਜ਼ਾਂ ਦੇ ਭਾ ਦਾ ਦੇਸ਼ ਤੇ ਪੰਥ ਭਾਵੇਂ ਖੂਹ ਵਿਚ ਪਏ ਅਤੇ ਭਾਵੇਂ ਖਾਤੇ ਵਿਚ ਡਿਗੇ, ਉਹਨਾਂ ਨੂੰ ਤਾਂ ਕੇਵਲ ਕੁਝ ਬਣਨ ਦਾ ਆਪਣਾ ਨਿਜ ਸੁਆਰਥ ਹੀ ਮੁਖ ਹੈ।

ਏਹਨਾਂ ਬਹੁਤੇ ਦੇਸ਼ ਦਰਦੀਆਂ ਨੇ ਪਹਿਲਾਂ ਹਿੰਦੁਸਤਾਨ ਦੀ ਵੰਡ ਪੁਆਈ, ਫੇਰ ਪੰਜਾਬ ਦੇ ਦੋ ਟੁਕੜੇ ਕਰਾਉਣ ਦੀ ਸੁਆਹ ਉਡਾਈ। ਇਹ ਸਿਰਫ਼ ਇਸ ਖ਼ਾਤਰ ਕਿ ਕੁਝ ਬਣ ਜਾਵਾਂਗੇ, ਵਜ਼ੀਰੀਆਂ ਸੰਭਾਲਾਂਗੇ। ਮੁਫਤ ਦੇ ਧਨੇਸ਼ੂ ਬਣ ਬੈਠਾਂਗੇ, ਨ ਹਿੰਗ ਲਗੇ ਨ ਫਟਕੜੀ। ਦੇਸ਼ ਅਤੇ ਕੌਮ ਭਾਵੇਂ ਕਿਧਰੇ ਰੁੜ੍ਹੇ ਅਤੇ ਰੁਲੇ। ਏਤਨੇ ਜਬਰ ਤੇ ਜ਼ੁਲਮ ਹੋਏ, ਏਤਨੇ ਬੇਅੰਤ ਖ਼ੂਨ ਖ਼ਰਾਬੇ ਹੋਏ; ਪਰ ਇਹਨਾਂ ਨਿਰਦਈਆਂ ਨੂੰ ਦਰਦ ਨਾ ਆਇਆ। ਏਹਨਾਂ ਦੇਸ਼-ਪਿਆਰ ਤੋਂ ਸਖਣੇ ਦਾਅਵੇਦਾਰਾਂ ਨੇ ਆਪਣੇ ਅੱਖੀਂ ਦੇਸ਼ ਦੀ ਦੁਰਦਸ਼ਾ ਦੇ ਅਸਹਿ ਤੇ ਅਕਹਿ ਸਾਕੇ ਸੁਣੇ ਦੇਖ੍ਹੇ; ਪਰ ਇਹਨਾਂ ਕਿਸੇ ਦਰਦਮੰਦ ਦੀ ਦਾਰੀ ਨਾ ਕੀਤੀ।



www.AKJ.Org

ਜਿਗਰੀ ਦਰਦ ਦੇ ਜੁਸੇ ਨੇ ਕਿਸੇ ਦੀਆਂ ਭੁਜਾਂ ਨਾ ਫਰਕਾਈਆਂ। ਦੇਸ਼ ਅਤੇ ਕੌਮ ਉਤੇ ਆਫ਼ਤ ਆਈ ਹੋਈ ਸੀ, ਮੁਸੀਬਤ ਨਾਜ਼ਲ ਹੋ ਰਹੀ ਸੀ, ਜ਼ੁਲਮ ਤੇ ਕਹਿਰ ਦੀ ਹਦੋਂ ਬੇਹਦ ਹਾਹਾਕਾਰ ਹੋ ਰਹੀ ਸੀ, ਪਰ ਏਹਨਾਂ ਦੇ ਕੰਨ ਤੇ ਜੂੰ ਨਾ ਸਰਕੀ। ਏਹਨਾਂ ਨੂੰ ਆਪਣੀ ਹੀ ਪਈ ਹੋਈ ਸੀ, ਵੰਡੀਆਂ ਪਾਉਣ ਦੀ ਹੀ ਬਣੀ ਹੋਈ ਸੀ। ਜੇ ਸੱਚਾ ਧਰਮ-ਸਪਿਰਟੀ ਦਰਦ ਇਹਨਾਂ ਦੇ ਦਿਲਾਂ ਅੰਦਰ ਹੁੰਦਾ, ਤਾਂ ਸਾਰੇ ਹੋਰ ਕੰਮ ਛਡ ਕੇ ਪਹਿਲਾਂ ਰਾਜ-ਗਰਦੀ ਮਚਾਉਣ ਵਾਲੇ ਦੁਸ਼ਟਾਂ ਨੂੰ ਦੰਡ ਦਿੰਦੇ, ਜ਼ਾਲਮਾਂ ਤੇ ਦੋਖੀਆਂ ਨੂੰ ਆਪਣੀ ਭੁਜ-ਬਲ ਅਤੇ ਖ਼ਾਲਸਈ ਤੇਜ ਦੇ ਜੌਹਰ ਦਿਖਾ ਕੇ ਮਾਰ ਪਛਾੜਦੇ। ਲੱਖ ਸ੍ਵੈਰਾਜਾਂ ਦੇ ਰਾਜ ਇਸ ਦੇ ਸਾਹਮਣੇ ਹੇਚ ਹਨ। ਪਰ ਅਫ਼ਸੋਸ, ਸਦ ਅਫ਼ਸੋਸ ਕਿ ਪੋਠੋਹਾਰ ਦੇ ਘੋਰ ਅਤਿਆਚਾਰ ਦੇਖ ਸੁਣ ਕੇ ਭੀ ਇਹਨਾਂ ਦੇ ਖ਼ੂਨ ਨੇ ਉਛਾਲਾ ਨਾ ਖਾਧਾ, ਸਗੋਂ ਟਾਲਮਟੋਲਾ ਹੀ ਕਰਦੇ ਰਹੇ। ਸੱਚਾ ਖ਼ਾਲਸਈ ਤੇਜ ਕਰਾਰਾ ਇਹਨਾਂ ਵਿਚੋਂ ਗੁੰਮ ਹੋ ਚੁਕਾ ਸੀ। ਇਸ ਤੇਜ ਦੇ ਗੁੰਮ ਹੋਣ ਦਾ ਕਾਰਨ ਇਹੀ, ਕੇਵਲ ਇਹੀ ਸੀ ਕਿ ਏਹਨਾਂ ਨੇ ਇਕ ਗੁਰੂ ਅਕਾਲ ਪੁਰਖ ਦੀ ਟੇਕ ਤੋਂ ਅਸ਼ਰਧਕ ਹੋ ਕੇ ਅਨ-ਮਤੀਆਂ ਦਾ ਆਸਰਾ ਤੱਕਿਆ ਅਤੇ ਸਤਿਗੁਰੂ ਦੇ ਇਸ ਸ੍ਰੀ ਮੁਖਵਾਕ ਦੀ ਉਲੰਘਣਾ ਕੀਤੀ ਹੈ—

ਜਬ ਲਗ ਖਾਲਸਾ ਰਹੈ ਨਿਆਰਾ।
ਤਬ ਲਗ ਤੇਜ ਦੀਓ ਮੈਂ ਸਾਰਾ।
ਜਬ ਇਹ ਗਹਹਿ ਬਿਪਰਨ ਕੀ ਰੀਤਿ।
ਮੈਂ ਨ ਕਰਉ ਇਨ ਕੀ ਪਰਤੀਤ।

ਹੁਣ ਤਿਨ੍ਹਾਂ ਬਿਪਰਾਂ ਦੇ ਢਹੇ ਚੜ੍ਹ ਕੇ ਇਹ ਲੋਕ ਬਾਘੀਆਂ ਪਾ ਰਹੇ ਹਨ ਕਿ ਕਾਂਗਰਸ ਗਵਰਨਮੈਂਟ ਦੇ ਨਾਲ ਈਨ ਪ੍ਰਧੀਨੀ ਮੋਢਾ ਡਾਹ ਕੇ ਹੀ ਹਿੰਦੁਸਤਾਨੀ ਆਜ਼ਾਦੀ ਨੂੰ ਬਰਕਰਾਰ ਰਖਿਆ ਜਾ ਸਕਦਾ ਹੈ,ਐਵੇਂ ਨਹੀਂ। ਸਾਫ਼ ਸਪਸ਼ਟ ਹੈ ਕਿ ਇਹਨਾਂ ਦੇ ਦਿਲਾਂ ਅੰਦਰ ਗੁਰੂ ਦੇ ਸਚੇ ਸਿਦਕੀ ਸਿੰਘਾਂ ਵਾਲਾ ਭਾਰੀ ਭੁਜਾਨੀ ਭਰੋਸਾ ਨਹੀਂ ਰਹਿਆ। ਟਿਨ੍ਹਾਂ ਨੂੰ ਇਹ ਕਹਿੰਦਿਆਂ ਸ਼ਰਮ ਨਹੀਂ ਆਉਂਦੀ ਕਿ "ਜੇ ਹਿੰਦੁਸਤਾਨ ਨਾ ਰਿਹਾ ਤਾਂ ਪੰਥ ਕਿਵੇਂ ਬਚੇਗਾ", ਕੀ ਉਹਨਾਂ ਨੂੰ ਪਤਾ ਨਹੀਂ ਗੁਰੂ ਦਸਮੇਸ਼ ਜੀ ਦੇ ਸਾਜੇ ਨਿਵਾਜੇ ਪੰਥ ਨੇ ਮੁਸਲਮਾਨਾਂ ਦੀ ਛੇ ਸਦੀਆਂ ਤੋਂ ਜੰਮੀ ਹੋਈ ਜ਼ੁਲਮੀ ਹਕੂਮਤ ਤੋਂ ਸਾਰੇ ਹਿੰਦੁਸਤਾਨ ਨੂੰ ਆਜ਼ਾਦ ਕਰਾਇਆ ਸੀ; ਅਤੇ ਸਾਰੀ ਮਜ਼ਲੂਮ ਹਿੰਦੂ ਕੌਮ ਨੂੰ ਬਚਾਇਆ ਸੀ ? ਅਜ ਓਹਨਾਂ ਨੂੰ ਕਾਇਰਤਾ ਭਰੀ ਕੰਬਣੀ ਕਿਉਂ ਉੱਠਦੀ ਹੈ ਕਿ ਹਿੰਦੁਸਤਾਨ ਨਾ ਬਚਿਆ ਤਾਂ ਪੰਥ ਕਿਵੇਂ ਬਚੇਗਾ। ਏਸੇ ਕਰਕੇ ਹੀ ਇਹ ਕਾਇਰਪੁਣਾ ਓਹਨਾਂ ਦੇ ਰਗੋ-ਰੇਸ਼ੇ ਵਿਚ ਰਮ ਗਿਆ ਹੈ ਕਿ ਓਹਨਾਂ ਅੰਦਰ ਸੱਚੀ ਖ਼ਾਲਸਈ ਸਪਿਰਟ ਨਹੀਂ ਰਹੀ। ਓਹਨਾਂ ਅੰਦਰ ਗੁਰਮੁਖ ਸੂਰਬੀਰ ਸਿੰਘਾਂ ਵਾਲਾ ਸਿਦਕ ਭਰੋਸਾ ਨਹੀਂ ਰਿਹਾ। 'ਅਵਲ ਦੇਸ਼ ਤੇ ਦੋਇਮ ਪੰਥ' ਵਾਲ਼ਾ ਅਕੀਦਾ ਓਹਨਾਂ ਨੂੰ ਡੋਬ ਲੈ ਜਾਏਗਾ, ਨਿਘਰਦੀ ਕਲਾ ਵਿਚ ਤਾਂ ਹੁਣੇ ਹੀ ਲੈ ਗਿਆ ਹੈ, ਰਸਾਤਲ ਵਿਚ ਨਿਘਰਤ ਕਰ ਕੇ ਕੁਲਛਣੀ ਬਣਾ ਰਿਹਾ ਹੈ। ਗੁਰੂ ਕਿਰਪਾ ਕਰੇ ਕਿ ਅਜੇ ਭੀ ਉਹਨਾਂ ਨੂੰ ਸੁਮੱਤ ਭਰੀ ਜਾਗਰਤ ਆ ਜਾਵੇ ਅਤੇ ਸਚੀ ਸਿੰਘਤਾਵੀ ਸੂਰਬੀਰਤਾ ਵਿਚ ਸਾਵਧਾਨ ਹੋ ਜਾਣ। ਇਸ ਬਿਧਿ, ਕੇਵਲ ਇਸ ਬਿਧਿ ਹੀ ਗੁਰੂ ਦੇ ਦਰੋਂ ਘਰੋਂ ਓਹ ਬਖਸ਼ੇ ਜਾ ਸਕਦੇ ਹਨ। ਨਹੀਂ ਤਾਂ ਯਾਦ ਰਖਣ ਕਿ ਓੜਕ ਖੱਜਲ ਖੁਆਰ ਹੋ ਕੇ ਕਾਂਗਰਸ ਦੀ ਕੁਛੜ ਚੋਂ ਉਸੇ ਤਰ੍ਹਾਂ ਨਿਕਲਣਗੇ, ਜਿਸ ਪ੍ਰਕਾਰ ਕਿ ਓਹਨਾਂ ਦੇ ਪੁਰਾਣੇ ਮੋਢੀ ਅਤੇ ਮੰਨੇ ਦੰਨੇ ਮੁਖੀ ਲੀਡਰ ਸ਼ਰਮਸਾਰ ਹੋ ਕੇ ਨਿਕਲੇ ਸਨ। ਪਹਿਲਾਂ ਓਹ ਭੀ ਕੱਟਰ ਕਾਂਗਰਸੀ ਹੀ ਤੇ ਗਾਂਧੀ-ਭਗਤ ਸਨ; ਜੋ ਅਜ ਇਹਨਾਂ ਦੇ ਵਿਰੁੱਧ 'ਪੰਥ ਅਵਲ' ਦਾ ਨਾਹਰਾ ਲਾਉਂਦੇ ਫਿਰਦੇ ਹਨ। ਸ਼ੁਕਰ ਹੈ ਹਜ਼ਾਰ ਸ਼ੁਕਰ ਹੈ, ਕਿ ਓਹਨਾਂ ਨੂੰ ਵੇਲੇ ਸਿਰ ਸੁਮੱਤ ਆ ਗਈ। ਲਖ ਸ਼ੁਕਰ ਹੋਵੇ ਜੇ ਇਹਨਾਂ ਦੋਇਮ ਪੰਥੀਆਂ ਨੂੰ ਵੀ ਸੁਮੱਤ ਪੈ ਜਾਵੇ ਅਤੇ ਇਨ੍ਹਾਂ ਦੀ ਪਰਸਪਰ ਦੀ ਧੜੇਬੰਦੀ ਦੂਰ ਹੋ ਜਾਵੇ। ਇਹ ਪਰਾਈ ਦਬੈਲਤਾ ਵਾਲੀ ਦੁਚਿਤਾਈ ਏਹਨਾਂ ਦੋਹਾਂ ਧੜਿਆਂ ਅੰਦਰ ਨਾ ਹੁੰਦੀ ਅਤੇ ਪੰਥ ਦੀ ਸ਼ਕਲ ਵਿਚ ਇਹ ਇਕ-ਮਿਕ ਹੋ ਗਏ ਹੁੰਦੇ ਤਾਂ ਅਸਾਂ ਨੂੰ ਅਜ ਇਹ ਦੁਰਦਸ਼ਾ ਨਾ ਦੇਖਣੀ



www.AKJ.Org

ਪੈਂਦੀ, ਨਾ ਏਹ ਦਿਨ ਦੇਖਣੇ ਪੈਂਦੇ। ਕੂੜਾਵੀ ਲਾਲਸਾ ਤੇ ਵਜ਼ੀਰੀ ਅਮੀਰੀ ਤੇ ਦੇਸ਼-ਵੰਡੀਰੀ ਵਾਲੀ ਮੁਲਕਗੀਰੀ ਦੀ ਹਵਸ ਨੂੰ ਛਡ ਕੇ ਮਜ਼ਲੂਮਾਂ ਜ਼ਾਲਮਾਂ ਦੇ ਪੰਜੇ ਤੋਂ ਬਚਾਉਣ ਵਾਲੀ ਸਚੀ ਦੇਸ਼-ਪਰਜਾ ਰਖਿਆ ਲਈ ਤਤਪਰ ਹੋ ਜਾਂਦੇ ਅਤੇ ਹੱਥੋ ਹੱਥੀ ਬੁਰਛਿਆਂ ਨੂੰ ਤਾਬੜ-ਤੋੜ ਹੀ ਸੋਧ ਲੈਂਦੇ। ਫੁੰਕਾਰਦੇ ਸੱਪਾਂ ਦੇ ਸਿਰ ਫੇਹ ਦਿੰਦੇ ਤਾਂ ਇਹ ਨਾਪਾਕ ਪਾਕਿ-ਸਤਾਨ ਹੋਣਾ ਹੀ ਨਾ ਪਾਉਂਦਾ। ਅਸੀਂ ਇਹਨਾਂ ਸਾਰਿਆਂ ਨੂੰ ਸਲਾਹ ਦਿਤੀ ਕਿ ਸਾਰਾ ਪੰਥ ਨਾ ਸਹੀ, ਪੰਜ ਸੌ ਸੂਰਬੀਰ ਸਿੰਘ ਅਕਾਲੀਆਂ ਦਾ ਜੱਥਾ ਲੈ ਕੇ ਪੰਜੇ ਸਾਹਿਬ ਪੁਜ ਜਾਵੀਏ ਅਤੇ ਵੈਸਾਖੀ ਐਤਕੀਂ ਓਥੇ ਹੀ ਮਨਾਈਏ ਅਤੇ ਜ਼ਾਲਮਾਂ ਨੂੰ ਦੰਡ ਦੇ ਕੇ ਮੁੜੀਏ। ਪਰ ਉਹਨਾਂ ਨੇ ਟਾਲ ਮਟੋਲਿਆਂ ਵਿਚ ਹੀ ਵਕਤ ਲੰਘਾ ਦਿਤਾ, ਸਗੋਂ ਸਾਨੂੰ ਘੂਰਨ ਲਗੇ ਕਿ ਜੋ ਪੰਥਕ ਜਥੇਬੰਦੀ ਦੇ ਹੁਕਮ ਨੂੰ ਉਲੰਘ ਕੇ ਅਰਥਾਤ ਸ਼੍ਰੋਮਣੀ ਅਕਾਲੀ ਦਲ ਅਥਵਾ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਹੁਕਮ ਬਗੈਰ ਆਪੋ ਧਾਪੀ ਕਰਕੇ ਐਸਾ ਹੰਭਲਾ ਮਾਰਨਗੇ ਉਹ ਪੰਥ ਦੀ ਖ਼ਿਲਾਫ਼-ਵਰਜ਼ੀ ਕਰਨਗੇ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਸਾਹਿਬ ਨੂੰ ਵੀ ਉਭਾਰਿਆ ਗਿਆ ਕਿ ਓਹ ਧੜਾ ਧੜ ਹੁਕਮਨਾਮੇ ਅਕਾਲ ਤਖ਼ਤ ਤੋਂ ਸਮੂਹ ਪੰਥ ਦੇ ਬੀਰ-ਬਹਾਦਰਾਂ ਨੂੰ ਭੇਜ ਦੇਣ ਕਿ ਹੁਮ-ਹੁਮਾ ਕੇ ਪੰਜੇ ਸਾਹਿਬ ਪਹੁੰਚ ਜਾਣ। ਪਰ ਸ਼ੋਕ ਦੀ ਗੱਲ ਇਹ ਹੈ ਕਿ ਅਜ ਕਲ੍ਹ ਦੀ ਜੱਥੇਬੰਦੀ (ਪੰਥ ਬਣ ਬੈਠੀ ਜਮਾਇਤ) ਨੇ ਸ੍ਰੀ ਅਕਾਲ ਤਖ਼ਤ ਦੇ ਜੱਥੇਦਾਰ ਦੀ ਸੁਤੰਤਰਤਾ ਭੀ ਖੋਹ ਲਈ ਹੈ, ਜੋ ਪ੍ਰੰਪਰਾ ਤੋਂ ਸੁਤੰਤਰ ਹੀ ਚਲੇ ਆਉਂਦੇ ਸਨ। ਅਜ ਏਹਨਾਂ ਨੇ ਜੱਥੇਦਾਰ ਨੂੰ ਆਪਣੀ ਜਮਾਇਤ ਦੇ ਅਧੀਨ ਹੀ ਕਰ ਲਿਆ ਹੈ। ਵਿਚਾਰਾ ਪ੍ਰਤੰਤਰ ਜੱਥੇਦਾਰ ਕਿਵੇਂ ਸੁਤੰਤਰ ਹੁਕਮ-ਨਾਮੇ ਜਾਰੀ ਕਰੇ। ਅਜਿਹੇ ਨਾਜ਼ਕ ਸਮੇਂ ਤੁਰਤੋ ਫੁਰਤੀ ਫ਼ੈਸਲੇ ਹੋਣੇ ਚਾਹੀਦੇ ਹਨ। ਕਦੋਂ ਸਮਾਗਮ ਜੁੜੇ ਅਤੇ ਫ਼ੈਸਲੇ ਕੀਤੇ ਜਾਣ, ਐਸੇ ਅਮੋਲਕ ਸਮੇਂ ਹਥੋਂ ਗਵਾ ਕੇ ਅਜੇ ਭੀ ਅਸਾਂ ਨੂੰ ਸਬਕ ਹਾਸਲ ਨਹੀਂ ਹੁੰਦਾ।

ਓਹ ਹੋਇਆ ਸੋ ਹੋਇਆ, ਅਜੇ ਭੀ ਸੰਭਲ ਕੇ ਚਲੋ, ਇਕ-ਮਿਕ ਹੋ ਜਾਓ। ਸਾਰੇ ਮਿਲ ਕੇ ਇਕ ਪੰਥਕ ਝੰਡੇ ਹੇਠ ਆਓ। ਓਹ ਨੁਸਰਤ ਬੇਦਰੰਗ ਗੁਰੂ ਕਲਗੀਆਂ ਵਾਲਾ ਆਪਣੇ ਪੰਥ ਨੂੰ ਬਖ਼ਸ਼ੇਗਾ। ਜਿਹੜੇ ਗੁਰੂ ਦਸਮੇਸ਼ ਦੇ ਸਿੱਖ ਸਦਾ ਕੇ ਅਤੇ ਗੁਰੂ ਦੀਆਂ ਬਖ਼ਸ਼ੀਆਂ ਜੱਥੇਦਾਰੀਆਂ ਦੇ ਹੁੱਦਿਆਂ ਤੇ ਸੁਸ਼ੋਭਤ ਹੋ ਕੇ ਭੀ ਅੱਜ ਕਲ੍ਹ ਏਸ ਪ੍ਰਕਾਰ ਦੀਆਂ ਟਾਹਰਾਂ ਮਾਰਨ ਦੀ ਗਿਰਾਵਟ ਵਿਚ ਆ ਗਏ ਹਨ ਅਤੇ ਬਰਮਲਾ ਕਹਿ ਰਹੇ ਹਨ ਕਿ ਤ੍ਰੈਰੰਗੇ ਮੁਲਕੀ ਝੰਡੇ ਹੇਠਾਂ ਸਾਰੇ ਮਜ਼੍ਹਬੀ ਝੰਡੇ ਰੌਂਦੇ ਜਾਣੇ ਚਾਹੀਦੇ ਹਨ ਅਤੇ ਖੋਹੇ ਜਾਣੇ ਚਾਹੀਦੇ ਹਨ, ਪਤਾ ਨਹੀਂ ਇਨ੍ਹਾਂ ਪੰਥ ਪਿਆਰਿਆਂ ਨੂੰ ਖ਼ਾਲਸਈ ਸਰਬ ਸਾਂਝੀਵਾਲਤਾ ਦਾ ਸੰਦੇਸ਼ਾ ਦੇਣ ਵਾਲਾ ਝੰਡਾ ਕਿਉਂ ਫਿਰਕੂ ਭਾਸਣ ਲਗ ਪਿਆ ਹੈ। ਓਹਨਾਂ ਪੰਥ-ਪਿਆਰਿਆਂ ਨੂੰ ਯਾਦ ਰਹੇ ਕਿ ਖ਼ਾਲਸਾ ਪੰਥ ਕੋਈ ਫ਼ਿਰਕੂ ਜਮਾਇਤ ਨਹੀਂ ਹੈ। ਇਹ ਪੰਥ ਹੈ ਪੰਥ, ਅਕਾਲੀ ਪੰਥ। ਇਹ ਪੰਥ ਅਕਾਲ ਪੁਰਖ ਦੇ ਹੁਕਮ ਨਾਲ, ਪੰਥ ਦੇ ਵਾਲੀ ਸ੍ਰੀ ਦਸਮੇਸ਼ ਨੇ ਓਦੋਂ ਕਾਇਮ ਕੀਤਾ ਸੀ ਜਦੋਂ ਕਿ ਦੋਹਾਂ ਪੰਥਾਂ ਅਰਥਾਤ ਯਵਨੀ ਤੇ ਹਿੰਦਵੀ ਕੌਮਾਂ ਵਿਚ ਕੂੜ ਕਪਟਤਾ ਤੇ ਕਾਇਰਤਾ ਆ ਗਈ ਸੀ; ਜੈਸਾ ਕਿ ਸ੍ਰੀ ਮੁਖ ਦਸਮੇਸ਼ ਵਾਕ ਹੈ :—

ਦੋਹੂੰ ਪੰਥ ਮਹਿ ਕਪਟ ਵਿਦਿਆ ਚਲਾਨੀ।
ਬਹੁਰ ਤੀਸਰੋ ਪੰਥ ਕੀਨੋ ਪਰਧਾਨੀ॥

ਦੇਖਿਆ ਕੈਸਾ ਸਪੱਸ਼ਟ ਵਾਕ ਹੈ! ਜਿਨ੍ਹਾਂ ਕੌਮਾਂ ਨੂੰ ਤੁਸੀਂ ਅਜ ਵਡੀਆਂ ਕੌਮਾਂ ਸਮਝਦੇ ਹੋ, ਉਨ੍ਹਾਂ ਦੋਹਾਂ ਹਿੰਦੂ ਮੁਸਲਮਾਨ ਕੌਮਾਂ ਨੂੰ ਸ੍ਰੀ ਦਸਮੇਸ਼ ਜੀ ਕਪਟ ਵਿਦਿਆ, ਟੇਢੀ ਪਾਲਿਸੀ, ਕਪਟ ਚਾਲਾਂ ਵਾਲੀਆਂ ਕੌਮਾਂ ਦਸਦੇ ਹਨ। ਇਹ ਦੋਵੇਂ ਨਿਪੁੰਸਕ ਹੋ ਚੁਕੀਆਂ ਹਨ ਅਤੇ ਕੌਮਾਂ ਕਹਾਉਣ ਦੇ ਲਾਇਕ ਨਹੀਂ ਰਹੀਆਂ ਸਨ। ਏਹ ਦੇਖ ਕੇ ਏਹਨਾਂ ਦੋਹਾਂ ਦੇ ਉਪਰ ਦੀ ਦੋਹਾਂ ਨਿਕਾਰੀਆਂ ਕੌਮਾਂ ਨੂੰ ਸੋਧਣ ਵਾਲੀ ਪਰਧਾਨ ਕੌਮ ਖਾਲਸਾ-ਪੰਥ-ਮਈ ਕੌਮ ਕਾਇਮ ਕੀਤੀ ਗਈ, ਪਰਧਾਨੀ ਗਈ।

ਅਜ ਤੁਸਾਂ ਨੂੰ ਸਿਖ ਸਦਾ ਕੇ ਇਬਰਤ ਨਹੀਂ ਆਉਂਦੀ ਕਿ ਐਸੀ ਪਰਧਾਨ ਖਾਲਸਾ ਕੌਮ ਨੂੰ ਤੁਸੀਂ



www.AKJ.Org

ਫ਼ਿਰਕੂ ਜਮਾਇਤ ਦਸਦੇ ਹੋ ਅਤੇ ਫੇਰ ਦੇਸ਼-ਅਜ਼ਾਦੀ ਦੇ ਸੁਪਨੇ ਲੈ ਰਹੇ ਹੋ ! ਅਜ਼ਾਦੀ ਇਹਨਾਂ ਸੂਰਬੀਰਾਂ ਦੇ ਸਮੂਹ ਨੇ ਹੀ ਲਿਆਉਣੀ ਹੈ ਅਤੇ ਤਿਨ੍ਹਾਂ ਨੇ ਹੀ ਬਰਕਰਾਰ ਰਖਣੀ ਹੈ। ਇਹ ਆਜ਼ਾਦੀ ਤਿਨ੍ਹਾਂ ਨੇ ਹੀ ਕਾਇਮ ਦਾਇਮ ਰਖਣੀ ਹੈ, ਜਿਨ੍ਹਾਂ ਨੂੰ ਰਾਜ ਕਰਨ ਦੀ ਕੋਈ ਤ੍ਰਿਸ਼ਨਾ ਨਹੀਂ, ਜਿਨ੍ਹਾਂ ਨੂੰ ਰਾਜਸੀ ਮਾਣ ਵਡਿਆਈ ਪਰਤਿਸ਼ਟਾ ਦੀ ਕੋਈ ਲਾਲਸਾ ਨਹੀਂ, ਜਿਨ੍ਹਾਂ ਦੇ ਦਿਲੋ-ਦਿਮਾਗ ਅੰਦਰਿ ਫੋਕੀ ਲੀਡਰੀ ਵਜ਼ੀਰੀ ਅਮੀਰੀ ਦਾ ਮੇਨੀਆ (mania) ਨਹੀਂ ਲਗਿਆ ਹੋਇਆ। ਰਾਜ-ਗਰਦੀ ਮਿਟਾਉਣ ਲਈ, ਜ਼ੁਲਮ ਤੇ ਜਬਰ ਨੂੰ ਨੇਸਤੋ-ਨਾਬੂਦ ਕਰਨ ਲਈ ਦੁਸ਼ਟਾਂ ਉਤਪਾਤੀਆਂ ਸਕਲ ਮਲੇਛਾਂ ਨੂੰ ਧਰਮ-ਯੁੱਧ ਕਰ ਕੇ ਖੈ ਕਰਨ ਦਾ ਸੱਚਾ ਤੇ ਸੁੱਚਾ ਚਾਉ ਉਮਾਹ ਹੈ। ਇਹ ਚਾਉ ਉਮਾਉ ਉਨ੍ਹਾਂ ਧਰਮੀ ਜੀਉੜਿਆਂ ਦੇ ਅੰਦਰ ਹੀ ਹੁੰਦਾ ਹੈ, ਜੋ ਪਰਮਾਰਥੀ ਪ੍ਰੇਮ ਨਾਲ ਪ੍ਰੋਤੇ ਹੋਏ ਪ੍ਰੀਤਮ ਪਰਮਾਤਮਾ ਨਾਲ ਇਕ-ਮਿਕ ਹੋਏ ਵੇ ਹੁੰਦੇ ਹਨ, ਅਤੇ ਜਿਨ੍ਹਾਂ ਦੇ ਹਿਰਦੇ ਨਿਸ਼ਕਾਮਤਾ ਪੂਰਤ ਪ੍ਰੇਮਾ-ਭਗਤੀ ਨਾਲ ਬੇਧੇ ਹੋਏ ਹੁੰਦੇ ਹਨ :—

"ਜਿਨ ਸਰਧਾ ਰਾਮ ਨਾਮਿ ਲਗੀ ਤਿਨਾ ਦੂਜੈ
ਚਿਤੁ ਨ ਲਾਇਆ ਰਾਮ ॥ ਜੇ ਧਰਤੀ ਸਭ
ਕੰਚਨੁ ਕਰਿ ਦੀਜੈ ਬਿਨੁ ਨਾਵੈ ਅਵਰੁ ਨ
ਭਾਇਆ ਰਾਮ ॥"

ਅਜਿਹੇ ਕੰਚਨ ਮਾਟੀ ਸਮਾਨ ਕਰਿ ਜਾਣਨ ਵਾਲੇ ਨਿਰੰਕਾਰੀ ਸ਼ਿਸ਼ਤ (ਖ਼ਸਲਤ) ਵਾਲੇ ਜਨਾਂ ਦੀ ਜਨਤਾ (ਕੌਮ) ਹੀ ਧਰਮ ਦਾ ਰਾਜ ਕਰ ਸਕਦੀ ਹੈ।

ਮੌਜੂਦਾ ਭਾਰਤ ਵਰਸ਼ੀ ਰਾਜ-ਸਾਂਭੂਆਂ ਨੇ ਥੋੜੇ ਮਹੀਨਿਆਂ ਵਿਚ ਹੀ ਹੁਲੜਬਾਜ਼ੀ, ਰਿਸ਼ਵਤ-ਖ਼ੋਰੀ ਅਤੇ ਫਿਰਕਾ-ਪ੍ਰਸਤੀ ਦਾ ਓਹ ਬਾਜ਼ਾਰ ਗਰਮ ਕੀਤਾ ਹੈ ਕਿ ਏਹਨਾਂ ਹੈਂਕੜ-ਬਾਜ਼ਾਂ ਨੂੰ ਸਿਵਾਏ ਹੈਂਕੜਬਾਜ਼ੀ ਦੇ ਹੋਰ ਕੁਝ ਸੁਝਦਾ ਨਹੀਂ। ਹਿੰਦੂ-ਨਿਵਾਜ਼ ਪਾਲਸੀ ਦਾ ਬਰਮਲਾ ਹੰਗਾਮਾ ਬਰਪਾ ਕੀਤਾ ਹੋਇਆ ਹੈ, ਜਿਧਰ ਦੇਖੋ ਸਭ ਬੜੇ ਬੜੇ ਅਫ਼ਸਰ ਹਿੰਦੂ। ਜ਼ਿਮੇਵਾਰ ਹੁਦਿਆਂ ਤੇ ਭੀ ਗਾਂਧੀ-ਪਾਲਸੀ ਵਾਲੇ ਹਿੰਦੂ ਹੀ ਲਾਏ ਹੋਏ ਹਨ। ਇਹਨਾਂ ਨੂੰ ਸਿਵਾਏ ਕਾਂਗਰਸੀਆਂ ਦੀ ਇਸ ਮਹਿਦੂਦ ਫ਼ਿਰਕੂ ਜੁੰਡੀ ਦੇ ਹੋਰ ਕੋਈ ਲਾਇਕ ਬੰਦਾ ਬਸ਼ਰ ਸਾਰੀ ਭਾਰਤ ਵਰਸ਼ ਵਿਚ ਨਜ਼ਰ ਹੀ ਨਹੀਂ ਆਉਂਦਾ। ਹਿੰਦੁਸਤਾਨ ਭਰ ਦੇ ਸਾਰਿਆਂ ਸੂਬਿਆਂ ਦੇ ਗਵਰਨਰ, ਸਾਰੀਆਂ ਕਮਿਸ਼ਨਰੀਆਂ ਦੇ ਕਮਿਸ਼ਨਰ, ਸਾਰੇ ਜ਼ਿਲਿਆਂ ਦੇ ਡਿਪਟੀ ਕਮਿਸ਼ਨਰ, ਜੋ ਨਵੇਂ ਲਾਏ ਹਨ, ਲਗ ਪਗ ਗਾਂਧੀ ਦੇ ਹੀ ਕਟਰ ਚੇਲੇ ਹਨ। ਇਸੇ ਤਰ੍ਹਾਂ ਹੋਰ ਮਹਿਕਮਿਆਂ ਅੰਦਰ ਭੀ ਇਹੋ ਹਾਲ ਹੈ। ਇਕ ਬੜੀ ਜ਼ਖੀਮ ਗਿਣਤੀ ਵਾਲੇ ਸੋਸ਼ਲਿਸਟ ਇਹਨਾਂ ਕਾਂਗਰਸੀਅ ਤੋਂ ਚਿਰੋਕਣੇ ਜੁਦਾ ਹੋ ਚੁਕੇ ਹਨ, ਕਾਂਗਰਸ ਦਾ ਸਾਰਾ ਫ਼ਾਰਵਰਡ ਬਲਾਕ ( Forward block ) ਇਸ ਗਾਂਧਵੀ ਕਾਂਗਰਸ ਟੋਲੇ ਤੋਂ ਵਖ ਹੋ ਚੁਕਾ ਹੈ। ਲਖਾਂ ਦੀ ਤਦਾਦ ਵਿਚ ਰਾਸ਼ਟ੍ਰੀ ਸੰਘ ਵਾਲੀ ਜਨਤਾ ਨੇ (ਏਸ ਜੁੰਡੀ ਨੂੰ) ਆਪ ਬਾਕੀਕਾਟ ਕਰ ਦਿਤਾ ਹੈ। ਕ੍ਰੋੜਹਾ ਹਿੰਦੂ-ਸਭੀਏ ਏਹਨਾਂ ਕਾਂਗਰਸ ਫ਼ਿਰਕੂ ਟੋਲੀਆਂ ਦੀ ਈਰਖਾ ਦ੍ਵੈਖ ਦਾ ਸ਼ਿਕਾਰ ਹੋ ਰਹੇ ਹਨ। ਇਸ ਟੁਕੜੀ ਦੀ ਨਾਨ-ਵਾਇਲੈਂਸੀ (Non Violancy) ਅਕੀਦਤ ਵਾਲੇ ਵੀ ਟਾਵੇਂ ਟਾਵੇਂ ਪੁਰਸ਼ ਹੀ ਲਖਾਂ ਕ੍ਰੋੜਾਂ ਵਿਚੋਂ ਨਮੂਦ ਮਾਤਰ ਬਾਕੀ ਰਹਿ ਗਏ ਹਨ। ਇਸ ਨਮੂਦ ਮਾਤਰੀ ਵੰਨਗੀ ਵਾਲੀ ਗਿਣਤੀ ਇਹ ਮੌਜੂਦਾ ਹਕੂਮਤ ਵਾਲੀ ਕਾਂਗਰਸ ਹੀ ਰਹਿ ਗਈ ਹੈ, ਜਿਸ ਨੇ ਰਾਜ ਸਾਂਭਣ-ਸਾਰ ਹੀ ਫ਼ਿਰਕਾ-ਪ੍ਰਸਤੀ ਅਤੇ ਕਾਂਗਰਸ-ਪ੍ਰਸਤੀ ਦਾ ਭੜਥੂ ਪਾ ਰਖਿਆ ਹੈ। ਹੁਕਮਨ ਇਹ ਸਭ ਤੋਂ ਵਡੇ ਨਿਜ ਫ਼ਿਰਕੂ ਦੀ ਰਾਖ-ਪੂਜਾ (ਸੁਆਹ-ਪ੍ਰਸਤਸ਼) ਕਰਾਉਂਦੇ ਹਨ। ਜਬਰਨ ਇਹ ਓਸ ਸਭ ਤੋਂ ਵਡੇ ਕਟੜ ਹਿੰਦੂ ਦੀ ਹਰ ਪ੍ਰਕਾਰੀ ਈਨ ਮਨਾਉਂਦੇ ਹਨ। ਘਰਿ ਘਰਿ ਅਤੇ ਦਰਿ ਦਰਿ ਹਰ ਸ਼ਹਿਰ, ਹਰ ਬਸਤੀ ਵਿਚ ਉਹਦੇ ਬੁਤ ਨੂੰ ਜੜਾਉਂਦੇ (ਕਾਇਮ ਕਰਾਉਂਦੇ) ਅਤੇ ਪੂਜਾਉਂਦੇ ਹਨ। ਸਰਕਾਰੀ ਹੁਕਮਨਾਮੇ (ਪਰਵਾਨੇ) ਜਾਰੀ ਕਰ ਕੇ ਜਾ-ਬਜਾ ਬੁਤ ਮੈਮੋਰੀਅਲ ਕਾਇਮ ਕਰਨ ਲਈ ਚੰਦਿਆਂ ਦੀ ਉਗਰਾਹੀ ਕਰਾਉਂਦੇ ਹਨ। ਸੋ ਇਹ ਨਾਨ-ਵਾਇਲੈਂਸੀ ਗਾਂਧੀ-ਇਜ਼ਮ ਦੇ ਦੁਬੈਲ ਵਜ਼ੀਰ ਹੀ ਸਭ ਤੋਂ ਖ਼ਤਰਨਾਕ ਫ਼ਿਰਕੂ ਹਨ। ਅਜ ਇਹ ਰਾਜ-ਮੰਤ੍ਰੀ ਹਰੇਕ ਰਾਜ ਕਾਜ ਦੇ ਅਰੰਭ ਵਿਚ



www.AKJ.Org

ਵੇਦ-ਮੰਤ੍ਰਾਂ ਦਾ ਫ਼ਿਰਕੂਪਣ ਲਾਜ਼ਮੀ ਤੌਰ ਤੇ ਦੰਡਤ ਕਰਾਉਂਦੇ ਹਨ । ਅਜ ਤਾਈਂ ਕਿਸੇ ਹਕੂਮਤ ਨੇ ਕਿਸੇ ਫ਼ਿਰਕੂ ਦੀ ਈਨ ਤੇ ਬੁਤ-ਪੂਜਾ ਦਾ ਮਾਂਡੇਟ (mandate) ਸਰਕਾਰੀ ਤੌਰ ਤੇ ਜ਼ਾਰੀ ਕਰਨ ਦਾ ਹਮਾਕਤੀ ਫ਼ਿਰਕੂਪਣ ਨਹੀਂ ਦਿਖਾਇਆ ਅਤੇ ਆਪਣੇ ਆਪਣੇ ਮਨ-ਮੰਨੇ ਰਾਜ ਮਤ੍ਰਾਂ ਦਾ ਸਿੱਕਾ ਨਹੀਂ ਜਮਾਇਆ । ਅਚਾਨਕ ਹੀ ਹਕੂਮਤ-ਮਈ ਬਟੇਰਾ ਏਹਨਾਂ ਦੇ ਪੈਰਾਂ ਹੇਠ ਆ ਗਿਆ ਹੈ । ਏਸੇ ਹੀ ਰੋਅਬ ਵਿਚ ਇਹ ਸਾਰਿਆਂ ਨੂੰ ਹੀ ਆਪਣੇ ਪੈਰਾਂ ਤਲੇ ਰੋਂਦਿਆ ਲੋੜਦੇ ਹਨ । ਚਾਰ ਦਿਨ ਦੀਆਂ ਚੰਮ ਦੀਆਂ ਇਹ ਭੀ ਚਲਾ ਲੈਣ । ਪਰ ਹੈ ਐਵੇਂ ਇਹ ਹਊਆ ਹੀ । ਨਾ ਇਹਨਾਂ ਵਜ਼ੀਰਾਂ ਅੰਦਰ ਕੋਈ ਗ਼ੈਰਤ ਹੈ, ਨਾ ਅਣਖ ਹੈ, ਨਾ ਕੋਈ ਹਕੂਮਤੀ ਜਜ਼ਬਾ ਹੈ, ਨਾ ਦਬਦਬਾ, ਨਿਰੀ ਨਿਪੁੰਸਕਤਾ ਹੈ । ਅਫ਼ਸੋਸ ਕਿ ਅਸਾਡੇ ਅਖੰਤੀ ਕੌਮੀਅਤ ਦੇ ਮੁਸ਼ਤਾਕ ਕਚਘਰੜ ਸਿਖ ਇਹਨਾਂ ਦੀ ਈਨ ਦਾ ਹਊਆ ਮੁਫ਼ਤ ਵਿਚ ਹੀ ਮੰਨੀ ਬੈਠੇ ਹਨ ਤੇ ਅਜ ਏਹਨਾਂ ਦੇ ਸੋਹਲੇ ਗਾਉਂਦੇ ਨਹੀਂ ਰਜਦੇ । ਦਰ-ਅਸਲ ਇਹ ਬਰਸਰੇ ਇਕਤਦਾਰ ਹਨ । ਏਹਨਾਂ ਟੋਲੂਆਂ ਦੇ ਪਿੱਠੂ ਅਤੇ ਪੁੱਜ ਕੇ ਈਨ ਮੰਨਣ ਵਾਲੇ ਮੂਜ਼ੂ (ਗ਼ੁਲਾਮ) ਹਨ । ਸਿਰ ਸ਼ਾਹਾਂ ਦੇ ਸ਼ਾਹ ਸਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿਖ ਸਦੱਾ ਕੇ ਇਹ ਮਨਮੁਖੀ ਗ਼ੁਲਾਮੀਅਤ ਵਾਲੇ ਵਜ਼ੀਰਾਂ ਦੇ ਹਵਾ-ਖ਼ਾਹ ਗ਼ੁਲਾਮ ਬਣ ਰਹੇ ਹਨ, ਜੋ ਇਹਨਾਂ ਲਈ ਉਕਾ ਹੀ ਸ਼ੋਭਨੀਕ ਨਹੀਂ । ਗੁਰਵਾਕ :—

"ਜਾ ਕਾ ਠਾਕੁਰ ਊਚਾ ਹੋਈ ॥ ਸੋ ਜਨੁ ਪਰ ਘਰ ਜਾਤ ਨ ਸੋਹੀ ॥"

ਮਿ: ਜਿਨਾਹ ਨੇ ਅਛੀ ਤਰ੍ਹਾਂ ਜਾਚ ਲਿਆ ਸੀ, ਇਹਨਾਂ ਦੀ ਨਬਜ਼ ਨੂੰ ਖ਼ੂਬ ਪਛਾਣ ਲਿਆ ਸੀ ਕਿ ਇਹ ਕਾਂਗਰਸੀ ਜਰਗਾ ਨਿਰਾ ਹਿੰਦੂ ਫ਼ਿਰਕੂ ਟੋਲਾ ਹੀ ਹੈ । *ਅਜ ਫੋਕੇ ਹੀ ਦਮਗਜੇ ਫੋਕੀ ਕੌਮੀਅਤ ਦੇ ਮਾਰ ਰਿਹਾ ਹੈ । ਓਹਨੂੰ ਪੱਕਾ ਯਕੀਨ ਸੀ ਕਿ ਓੜਕ ਇਹ ਕਾਂਗਰਸੀ ਨੇਤਾ ਨਿਰੋਲ ਹਿੰਦੂ ਰਾਜ ਕਾਇਮ ਕਰਨਗੇ । ਤਾਂਤੇ ਓਹ ਭੀ ਇਹਨਾਂ ਦੀ ਪਾਜਲ ਕੌਮੀਅਤ ਵਰਗੀ ਵਖਰੀ ਸ਼ਿਰਕਤ ਵਾਲੀ ਮੁਸਲਮ ਕੌਮੀਅਤ ਦਾ ਦਾਅਵੇਦਾਰ ਬਣ ਬੈਠਾ ਅਤੇ ਏਸੇ ਨੁਕਤੇ ਉਤੇ ਹੀ ਲੋਹੇ ਦੀ ਲਠ ਬਣ ਕੇ ਅੜ ਗਿਆ । ਇਨ੍ਹਾਂ ਕਾਗਰਸੀ ਹਿੰਦੂਆਂ ਨੂੰ ਭੀ ਆਪਣੀ ਇਸ ਅੰਦਰੂਨੀ ਕਮਜ਼ੋਰੀ ਦਾ ਅੰਦਰੋ ਅੰਦਰ ਹੀ ਪੱਕਾ ਅਹਿਸਾਸ ਸੀ । ਆਪਣਾ ਐਬ ਉਘੜਦਾ ਦੇਖ ਇਹ ਭੀ ਮੁਸਲਮ ਲੀਗੀ ਮਸਲੇ ਦੀ ਈਨ ਮੰਨ ਗਏ ਅਤੇ ਏਸ ਦੇ ਅਧੀਨ ਹੋ ਗਏ । ਕਾਂਗਰਸ ਦੀ ਇਹ ਈਨ ਮਨੀਨ ਅਧੀਨਤਾ ਦੇਖ ਕੇ ਅੰਗਰੇਜ਼ੀ ਗੌਰਮਿੰਟ ਭੀ ਮੁਸਲਮ ਲੀਗੀਆਂ ਦਾ ਪਖ ਪੂਰਨ ਲਗ ਪਈ । ਏਹਨਾਂ ਦੋਹਾਂ ਗੌਂ-ਕੱਢਾਂ ਨੂੰ ਅਰਥਾਤ ਕਾਂਗਰਸ ਤੇ ਮੁਸਲਮ ਲੀਗੀਆਂ ਨੂੰ ਆਪੋ ਆਪਣਾ ਹਕੂਮਤ-ਬਾਜ਼ੀ ਦਾ ਚਸਕਾ ਪੂਰਾ ਕਰਨ ਦਾ ਸੁਦਾ ਲਗਾ ਹੋਇਆ ਸੀ । ਸੋ ਦੋਹਾਂ ਨੇ ਅੰਗਰੇਜ਼ਾਂ ਨੂੰ ਵਿਚ ਪਾ ਕੇ ਪੂਰਾ ਕਰ ਲਿਆ । ਵੰਡੀਆਂ ਦੇਸ਼ ਦੀਆਂ ਪਾ ਕੇ ਕੌਮੀਅਤ ਨੂੰ ਖੇਰੂ ਖੇਰੂ ਕਰ ਦਿਤਾ । ਪਾਕਿਸਤਾਨੀਆਂ ਨੇ ਪਾਕਿਸਤਾਨ ਦੀ ਖ਼ਾਕ ਉਡਾ ਲਈ ਅਤੇ ਹਿੰਦੂਆਂ ਨੇ ਹਿੰਦੂ ਰਾਜ ਦਾ ਅਸ਼ਟੰਡ ਖੜਾ ਕਰ ਲਿਆ । ਅਤੇ ਏਸ ਆਪੋ ਆਪਣੇ ਚਸਕੇ ਨੂੰ ਪੂਰਾ ਕਰਨ ਲਈ ਦੇਸ਼-ਵਾਸੀਆਂ ਦਾ ਸਤਿਆਨਾਸ ਕਰ ਦਿਤਾ । *ਰਾਜ ਗੋਪਾਲ ਅਚਾਰੀਆ ਨੂੰ ਹਿੰਦੁਸਤਾਨ ਦਾ ਗਵਰਨਰ ਜਨਰਲ ਬਣਾਕੇ ਦਿਲ ਖੁਸ਼ ਕਰ ਲਿਆ ਅਤੇ ਜਿਨਾਹ ਨੂੰ ਪਾਕਿਸਤਾਨ ਦਾ ਬਾਦਸ਼ਾਹ ਬਣਾ ਕੇ ਉਹਦਾ ਉਲੂ ਸਿੱਧਾ ਕਰ ਦਿਤਾ । ਕੋਈ ਵਜ਼ੀਰ ਕਬੀਰ ਬਣ ਬੈਠਾ, ਕੋਈ ਮੁਫ਼ਤ ਦੇ ਰਾਜ-ਚੁਧਰੰਮੇ ਦਾ ਕਿੰਗ-ਮੇਕਰੀ ਅਫ਼੍ਰੀਮਾ ਚਾੜ੍ਹ ਬੈਠਾ, ਪਰ ਇਸ ਦੇ

*ਇਹ ਲੇਖ 1948 ਵਿਚ ਭਾਈ ਸਾਹਿਬ ਜੀ ਦਾ ਲਿਖਿਆ ਹੋਇਆ ਹੈ । (ਐਡੀਟਰ)

*ਵਿੱਦਤ ਹੋਵੇ ਅਤੇ ਵਾਜ਼ਿਆ ਰਹੇ ਕਿ ਇਹ ਰਾਜ ਗੋਪਾਲ ਅਚਾਰੀਆਂ ਹਿੰਦੁਸਤਾਨ ਦਾ ਉਹ ਨੀਤੀਵੇਤਾ ਹੈ ਜਿਸ ਨੇ ਹਿੰਦੁਸਤਾਨ ਨੂੰ ਟੁਕੜੇ ਟੁਕੜੇ ਕਰਨ ਦੇ ਮਾਮਲੇ ਵਿਚ ਪਹਿਲ ਕੀਤੀ । ਅਤੇ ਪਾਕਿਸਤਾਨ ਦੇ ਬਣਾਉਣ ਦੀ ਤਜਵੀਜ਼ ਦਾ ਪੱਕਾ ਮੋਢੀ ਹੈ ਤਾਂ ਇਹੋ ਰਾਜ ਗੋਪਾਲ ਅਚਾਰੀਆ ਹੈ, ਜੋ ਆਪਣੀ ਗ਼ਦਾਰਤਾ ਦੇ ਬਦਲੇ ਹਿੰਦੁਸਤਾਨੀ ਗਵਰਨਮੈਂਟ ਦਾ ਗਵਰਨਰ ਜਨਰਲ ਬਣਿਆ ਬੈਠਾ ਹੈ ।



www.AKJ.Org

ਕੁਫ਼ਾਰੇ ਵਿਚ ਜੋ ਖ਼ੂਨ-ਖ਼ਰਾਬਾ ਇਸ ਦੇਸ਼ ਵਿਚ ਹੋਇਆ, ਓਹ ਕਦੇ ਕਿਸੇ ਦੇਸ਼ ਵਿਚ ਨਹੀਂ ਹੋਇਆ, ਨਾ ਹੋਵੇਗਾ। ਇਨ੍ਹਾਂ ਰਾਜ-ਤ੍ਰਿਸ਼ਨਾਲੂਆਂ ਦੀ ਤ੍ਰਿਸ਼ਨਾ ਫੇਰ ਭੀ ਪੂਰੀ ਨਹੀਂ ਹੋਈ, ਨਾ ਪੂਰੀ ਹੋਵੇਗੀ। ਪਾਪ ਸਿਰ ਤੇ ਲੈ ਜਾਣਗੇ, ਓਹਨਾਂ ਦਾ ਖਮਿਆਜ਼ਾ ਓਹਨਾਂ ਨੂੰ ਭਰਨਾ ਪਵੇਗਾ। ਪੂਰਬਲੇ ਜਨਮ ਦੀ ਤਪੱਸਿਆ ਦੇ ਕਾਰਨ ਜਿਨ੍ਹਾਂ ਨੂੰ ਏਸ ਜਨਮ ਵਿਚ ਰਾਜ ਮਿਲਿਆ ਹੈ, ਜੇ ਉਹ ਧਰਮ ਨਿਆਉਂ ਨਹੀਂ ਕਰਨਗੇ ਤਾਂ ਉਹਨਾਂ ਨੂੰ ਅਗੇ ਜਾ ਕੇ ਨਰਕ ਭੁਗਤਣੇ ਪੈਣਗੇ :—

"ਤਪੋਂ ਰਾਜ ਰਾਜੋਂ ਨਰਕ"

ਦੀ ਘਟਨਾ ਤ੍ਰਿਸ਼ਨਾਲੂ ਰਾਜ ਦੇ ਅਹੰਮਮਤਾਜ਼ੀਆਂ ਉਤੇ ਹੀ ਘਟਦੀ ਹੈ। ਜਿਹਾ ਕਿ ਕੁਝ ਸਜਣਾਂ ਦਾ ਖਿਆਲ ਹੈ ਕਿ ਸਤਿਗੁਰੂ ਨਾਨਕ ਦਸਮੇਸ਼ ਦੇ ਘਰੋਂ ਦਰੋਂ ਵਰਸਾਏ ਹੋਏ ਮਹਾਰਾਜਾ ਪਟਿਆਲਾ ਭੀ ਕੁਝ ਕੁ ਦੋਇਮ-ਪੰਥੀਆਂ ਵਾਂਗ ਕਾਂਗਰਸੀ ਦੁਬੈਲਤਾ ਹੇਠਾਂ ਆਉਂਦੇ ਦਿਸਦੇ ਹਨ। ਜੇ ਆ ਗਏ ਤਾਂ ਸਤਿਗੁਰੂ ਕਲਗੀਧਰ ਸੱਚੇ ਪਾਤਸ਼ਾਹ ਦੀ ਧੁਰ ਦਰਗਾਹੋਂ ਬਖਸ਼ੀ ਪਤਿ ਪਰਤੀਤ ਤੋਂ ਬੰਚਤ ਹੋ ਜਾਣਗੇ, ਕਿਉਂਕਿ ਤੇਜ ਪਰਤਾਪ ਓਦੋਂ ਤਾਈਂ ਹੀ ਰਹਿੰਦਾ ਹੈ ਜਦੋਂ ਤਾਈਂ ਕਿ ਇਕ ਗੁਰੂ ਅਕਾਲ ਦੇ ਇਕੋ ਨਿਆਰੇ ਆਸਰੇ ਦੀ ਪ੍ਰਾਇਣਤਾ ਬਣੀ ਰਹਿੰਦੀ ਹੈ। ਆਨਮਤੀਆਂ ਬਿਪਰਾਂ ਦੀ ਬਿਪ੍ਰੀਤ ਰੀਤ ਦਾ ਦੁਬੈਲ ਹੋਣਾ ਸਤਿਗੁਰਾਂ ਨੂੰ ਭਾਉਂਦਾ, ਸੁਖਾਉਂਦਾ ਨਹੀਂ। ਪੰਥਕ ਦਰਬਾਰ ਦੀ ਕਾਇਮੀ ਸਮੇਂ ਸਿਰੀ ਮਹਾਰਾਜਾ ਸਾਹਿਬ ਦਾ ਉਚ ਆਦਰਸ਼ੀ ਖ਼ਿਆਲ ਸੀ ਕਿ ਕਿਸੇ ਦੀ ਕਾਣ-ਕਨੌਡ ਹੇਠਾਂ ਨਹੀਂ ਆਉਣਗੇ ਅਤੇ ਦੋਹਾਂ ਪੰਥਕ ਧੜਿਆਂ ਤੋਂ ਉਚੇ ਰਹਿਣਗੇ। ਪੰਥਕ ਧੜੇ ਦੇ ਇਕ ਧੜੇ ਦੀ ਚੌਧਰਤਾ ਖੁਸਦੀ ਦੇਖ ਕੇ ਤੇ ਦੂਜੇ ਕਾਂਗਰਸ-ਪੱਖੀ ਧੜੇਬਾਜ਼ ਆਗੂਆਂ ਦੇ ਖਿਆਲ-ਪ੍ਰਾਇਣੀ ਹੋ ਕੇ ਸਿਰੀ ਮਹਾਰਾਜਾ ਸਾਹਿਬ ਨੇ ਆਪਣੀ ਨਿਰਪਖਤਾ ਵੀ ਗਵਾ ਲਈ ਅਤੇ ਬੇਮੁਹਤਾਜ ਨਿਰਭੈਤਾ ਵਾਲੀ ਬੇਪਰਵਾਹ ਅਦੀਯਤਾ ਤੋਂ ਖਿਸਕਦੇ ਨਜ਼ਰ ਆ ਰਹੇ ਹਨ। ਜੇ ਕਿਸੇ ਦੀ ਕਾਣ ਕਨੌਡਤਾ ਤੋਂ ਅਟੰਕ ਰਹਿਣ ਤਾਂ ਕੋਈ ਭੀ ਪੰਥਕ ਧੜਾ ਅਜ ਉਨ੍ਹਾਂ ਦੀ ਵਿਰੋਧਤਾ ਨਾ ਕਰ ਸਕਦਾ। ਇਹ ਸਾਰੀ ਵਿਰੋਧਤਾ, ਜੋ ਵਿਰੋਧੀ ਜਨ ਸਿਰੀ ਮਹਾਰਾਜਾ ਸਾਹਿਬ ਦੇ ਵਿਰੁੱਧ ਕਰ ਰਹੇ ਹਨ, ਸਿਰਫ਼ ਏਸ ਕਰਕੇ ਕਰ ਰਹੇ ਹਨ ਕਿ ਉਹ ਇਕ ਦੋਇਮ-ਪੰਥੀ ਲੀਡਰਾਂ ਦੇ ਪੱਖੀ ਬਣ ਗਏ ਹਨ। ਜੇਕਰ ਉਹ ਬਿਲਕੁਲ ਨਿਰਲੇਪ ਰਹਿਣ ਤਾਂ ਸਤਿਗੁਰੂ ਆਪਣੀਆਂ ਬਰਕਤਾਂ ਹੋਰ ਭੀ ਬਖਸ਼ਣਗੇ। ਗੁਰੂ ਕਰੇ ਕਿ ਸਿਰੀ ਮਹਾਰਾਜਾ ਸਾਹਿਬ ਜੀ ਦੀ ਇਹ ਇਕ ਡਿਪਲੋਮੇਸੀ ਹੀ ਹੋਵੇ ਅਤੇ ਅੰਦਰੋਂ ਓਹ ਨਿਰੋਲ ਅਵਲ-ਪੰਥੀ ਪੰਥ-ਨੇਤਾ ਹੀ ਸਾਬਤ ਹੋਣ। ਪਰ ਇਹ ਤਦ ਹੋ ਸਕਦਾ ਹੈ ਕਿ ਓਹ ਗੁਰੂ ਅਕਾਲ ਪੁਰਖ ਦੀ ਅਨਿਨ ਨਿਸ਼ਕਾਮ ਭਗਤੀ ਵਿਚ ਅਰੂੜ ਹੋ ਜਾਣ। ਸਤਿਗੁਰੂ ਸੁਮੱਤ ਬਖ਼ਸ਼ੇ। ਸਾਰਿਆਂ ਸਿਖਾਂ ਅਤੇ ਪੰਥਕ ਲੀਡਰਾਂ ਨੂੰ ਭੀ ਸੁਮੱਤ ਬਖ਼ਸ਼ਣ।

ਇਹ ਗੱਲ ਪੱਕੀ ਹੈ ਕਿ ਸਤਿਗੁਰੂ ਨੇ ਓੜਕ ਖ਼ਾਲਸਾ ਪੰਥ ਨੂੰ ਹਰ ਪ੍ਰਕਾਰੀ ਕਾਮਯਾਬੀ ਅਤੇ ਸੁਰਖਰੂਈ ਦਾ ਸੇਹਰਾ ਬਖ਼ਸ਼ਣਾ ਹੈ। ਮਲੇਛਤਾ ਵਾਲੇ ਮਲਨ-ਮਲੀਨ ਮਲੇਛ ਖ਼ਾਲਸਾ ਦਾ ਖੈ ਹੋ ਜਾਣਾ ਹੈ। ਅਸੀਂ ਓਸ ਦਸਮੇਸ਼ ਗੁਰੂ ਦੇ ਸਿਖ ਹਾਂ, ਜਿਸ ਨੇ ਸਾਡੇ ਉਭਾਰਨ ਲਈ, ਸਾਨੂੰ ਚੜ੍ਹਦੀ ਕਲਾ ਵਿਚ ਲਿਜਾਣ ਵਾਲੀ ਸਦਾ ਨਿਰਭੈ ਅਨਿੰਨਤਾ ਵਾਲੀ ਭਗਤਿ ਸ਼ਕਤਿ ਇਸ ਪ੍ਰਕਾਰ ਆਪਣੇ ਇਨ੍ਹਾਂ ਸਿਰੀ ਮੁਖ ਵਾਕਾਂ ਦੁਆਰਾ ਅਸਾਨੂੰ ਦ੍ਰਿੜਾਈ ਹੈ :—

ਨਰਾਜ ਛੰਦ ॥ ਕਹਿਯੋ ਪ੍ਰਭੂ ਸੁ ਭਾਖਿਹੋਂ ॥ ਕਿਸੂ ਨ ਕਾਨ ਰਾਖਿਹੋਂ ॥ ਕਿਸੂ ਨ ਭੇਖ ਭੀਜਹੋਂ ॥ ਅਲੇਖ ਬੀਜ ਬੀਜਹੋਂ ॥ ਪਖਾਣ ਪੂਜਹੋਂ ਨਹੀਂ ॥ ਨ ਭੇਖ ਭੀਜਹੋਂ ਕਹੀਂ ॥ ਭਜੋ ਸੁ ਏਕ ਨਾਮਯੰ ॥ ਜੁ ਕਾਮ ਸਰਬ ਠਾਮਯੰ ॥ ਨ ਜਾਪ ਆਨ ਕੋ ਜਪੋ ॥ ਨ ਅਉਰ ਥਾਪਨਾ ਥਪੋ ॥ ਬਿਅੰਤਿ ਨਾਮੁ ਧਿਆਇ ਹੌਂ ॥ ਪਰਮ ਜੋਤਿ ਪਾਇ ਹੌਂ ॥ ਨ ਧਿਆਨ ਆਨ ਕੋ ਧਰੌਂ ॥ ਨ ਨਾਮ ਆਨ ਉਚਰੌਂ ॥ ਤਵੱਕ ਨਾਮ ਰੱਤਿਯੰ ॥ ਨ ਆਨ ਮਾਨ ਮੱਤਿਯੰ ॥ ਪਰੱਮ ਧਿਆਨ ਧਾਰੀਅੰ ॥ ਅਨੰਤ ਪਾਪ ਟਾਰੀਯੰ ॥ ਤੁਮੇਵ ਰੂਪ ਰਾਚਿਯੰ ॥ ਨ ਆਨ ਦਾਨ ਮਾਚਿਯੰ ॥ ਤਵੱਕ ਨਾਮ ਉਚਾਰੀਯੰ ॥ ਅਨੰਤ ਦੂਖ ਟਾਰੀਯੰ ॥



www.AKJ.Org

# ਜਨਮ-ਸ਼ਤਾਬਦੀ ਮਨਾਉਣ ਲਈ ਕਨਵੈਨਸ਼ਨ

ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਜਨਮ-ਸ਼ਤਾਬਦੀ ਮਨਾਉਣ ਦਾ ਪ੍ਰੋਗਰਾਮ ਉਲੀਕਣ ਤੋਂ ਪਹਿਲਾਂ ੯ ਜੁਲਾਈ ਦੀ ਰਾਤ ਨੂੰ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਰੈਣ-ਸਬਾਈ ਕੀਰਤਨ ਹੋਏ। ਸੰਗਤਾਂ ਭਾਰੀ ਗਿਣਤੀ ਵਿਚ ਹਾਜ਼ਰੀਆਂ ਭਰ ਰਹੀਆਂ ਸਨ ਅਤੇ ਅਨੰਦ ਮਾਣ ਰਹੀਆਂ ਸਨ। ਰੈਣ-ਸਬਾਈ ਕੀਰਤਨ ਦੀ ਸਮਾਪਤੀ ਆਸਾ ਦੀ ਵਾਰ ਦੇ ਕੀਰਤਨ ਤੋਂ ਉਪਰੰਤ ੧੦ ਜੁਲਾਈ ਨੂੰ ਸਵੇਰੇ ਨੌਂ ਵਜੇ ਦੇ ਕਰੀਬ ਹੋਈ।

ਮੌਸਮ ਠੰਢਾ ਸੀ ਅਤੇ ਦੁਪਹਿਰ ਨੂੰ ਦੋ ਵਜੇ ਖੇਤੀ ਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਸ਼ਤਾਬਦੀ ਦਾ ਪ੍ਰੋਗਰਾਮ ਉਲੀਕਣ ਲਈ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵਲੋਂ ਕਨਵੈਨਸ਼ਨ ਸ਼ੁਰੂ ਹੋਈ। ਕਨਵੈਨਸ਼ਨ ਦੇ ਅਰੰਭ ਵਿਚ 'ਸੂਰਾ' ਮਾਸਕ ਪੱਤਰ, ਅੰਮ੍ਰਿਤਸਰ ਵਲੋਂ, ਕਨਵੈਸ਼ਨ ਵਿਖੇ "ਜੀਵਨ ਝਲਕਾਂ ਭਾਈ ਸਾਹਿਬ ਰਣਧੀਰ ਸਿੰਘ ਜੀ" ਟ੍ਰੈਕਟ ਵੰਡਿਆ ਗਿਆ। ਕਨਵੈਨਸ਼ਨ ਦੇ ਪ੍ਰਧਾਨ ਸ: ਗੁਰਚਰਨ ਸਿੰਘ ਜੀ ਟੌਹੜਾ ਨੇ ਮਜਬੂਰੀ ਕਾਰਨ ਚਲੇ ਜਾਣਾ ਸੀ, ਇਸ ਲਈ ਰਹਿੰਦੀ ਕਾਰਵਾਈ ਲਈ ਉਹ ਆਪਣੀ ਥਾਂ ਸ: ਹੁਕਮ ਸਿੰਘ ਜੀ ਨੂੰ ਪ੍ਰਧਾਨ ਨੀਯਤ ਕਰ ਗਏ। ਸਰਦਾਰ ਟੌਹੜਾ ਨੇ ਆਪਣੇ ਭਾਸ਼ਨ ਵਿਚ ਕਿਹਾ ਕਿ ਭਾਈ ਸਾਹਿਬ ਜੀ ਦੀ ਸ਼ਤਾਬਦੀ ਦੇ ਬਣਾਏ ਜਾ ਰਹੇ ਪ੍ਰੋਗਰਾਮ ਵਿਚ ਸ਼੍ਰੋਮਣੀ ਕਮੇਟੀ ਪੂਰਾ ਸਹਿਯੋਗ ਦੇਵੇਗੀ ਅਤੇ ਜਿਥੋਂ ਤਕ ਪੰਜਾਬ ਸਰਕਾਰ ਦੇ ਸਹਿਯੋਗ ਦੇਣ ਦਾ ਸਬੰਧ ਹੈ, ਉਸ ਬਾਰੇ ਭਾਈ ਸਾਹਿਬ ਦੀ ਕੁਰਬਾਨੀ ਤੇ ਦੇਸ਼ ਭਗਤੀ ਨੂੰ ਮੁਖ ਰਖ ਕੇ ਸਰਕਾਰ ਨੂੰ ਹਰ ਤਰ੍ਹਾਂ ਨਾਲ ਮਿਲਵਰਤਣ ਦੇਣੀ ਬਣਦੀ ਹੈ।

ਬਹੁਤ ਸਾਰੇ ਸਜਣਾਂ ਨੇ ਆਪੋ ਆਪਣੇ ਸੁਝਾ ਦਿਤੇ, ਜਿਨ੍ਹਾਂ ਵਿਚ ਭਾਈ ਸਾਹਿਬ ਦੀਆਂ ਪੁਸਤਕਾਂ ਨੂੰ ਚੰਗੇ ਰੂਪ ਵਿਚ ਛਾਪ ਕੇ ਥਾਂ ਥਾਂ ਤੇ ਪਹੁੰਚਾਉਣਾ, ਕੀਰਤਨ ਲਹਿਰ ਨੂੰ ਤੇਜ਼ ਕਰਨਾ, ਅਤੇ ਅੰਮ੍ਰਿਤ-ਸੰਚਾਰ ਲਈ ਉਚੇਚੇ ਜਤਨ ਕਰਨਾ ਆਦਿ ਸ਼ਾਮਲ ਸੀ। ਇਸ ਦੇ ਨਾਲ ਹੀ ਭਾਈ ਸਾਹਿਬ ਜੀ ਦੀ ਯਾਦ ਵਿਚ ਅਜਿਹੇ ਮਾਡਲ ਵਿਦਿਆਲੇ ਖੋਲ੍ਹੇ ਜਾਣ ਦੇ ਵੀਚਾਰ ਵੀ ਹੋਏ, ਜਿਨ੍ਹਾਂ ਵਿਚ ਕਿ ਬੱਚਿਆਂ ਨੂੰ ਸਕੂਲੀ ਵਿਦਿਆ ਦੇ ਨਾਲ ਹੀ ਗੁਰਮਤਿ ਵਿਦਿਆ ਵਿਚ ਵੀ ਸੁਸਿਖਿਅਤ ਕੀਤਾ ਜਾਣਾ ਲਾਜ਼ਮੀ ਕਰਾਰ ਦਿਤਾ ਜਾਵੇ।

ਇਸ ਕਨਵੈਨਸਨ ਵਿਚ ਜਿਥੇ ਕਈ ਵਿਅਕਤੀਆਂ ਨੇ ਕਈ ਤਰ੍ਹਾਂ ਦੇ ਬੜੇ ਆਦਰਸ਼ਕ ਸੁਝਾ ਦਿਤੇ ਉਥੇ ਸ: ਜੋਧ ਸਿੰਘ ਜੀ ਆਲ ਇੰਡੀਆ ਰੇਡੀਓ, ਸ: ਗੁਰਬਚਨ ਸਿੰਘ ਜੀ ਲੁਧਿਆਣਾ ਅਤੇ ਸ: ਮਹਿਤਾਬ ਸਿੰਘ ਜੀ ਦਿਲੀ ਵਾਲਿਆਂ ਨੇ ਬਹੁਤ ਹੀ ਸ਼ਲਾਘਾ ਯੋਗ ਨੁਕਤੇ ਪੇਸ਼ ਕੀਤੇ ਅਤੇ ਦਸਿਆ ਕਿ ਭਾਈ ਸਾਹਿਬ ਦੀ ਯਾਦ ਮਨਾਉਂਦਿਆਂ ਹੋਇਆਂ ਇਹ ਕਾਰਜ ਕਰਨ ਵਾਲੇ ਹਨ–

(੧) ਜੇ ਕਿਸੇ ਸਜਣ ਪਾਸ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਕੀਰਤਨ ਕਰਦਿਆਂ ਦੀ ਕੋਈ ਟੇਪ ਥੋੜੀ ਬਹੁਤੀ ਵੀ ਭਰੀ ਹੋਈ ਮੌਜੂਦ ਹੋਵੇ ਤਾਂ ਉਹ ਸਾਨੂੰ ਦਿਓ, ਅਸੀਂ ਉਸ ਨੂੰ ਰੀਕਾਰਡਾਂ ਵਿਚ ਭਰ ਕੇ ਸਦਾ ਲਈ ਸੁਰਖਿਅਤ ਕਰ ਲਵਾਂਗੇ।

(੨) ਸਕੂਲ ਬੋਰਡ ਦੀਆਂ ਮਿਡਲ ਤੇ ਹਾਈ ਜਮਾਤ ਤਕ ਦੀਆਂ ਪੁਸਤਕਾਂ ਵਿਚ ਜਿਥੇ ਭਾਰਤ ਦੇ ਮਹਾਂ ਪੁਰਸ਼ਾਂ, ਸੂਰਬੀਰਾਂ ਤੇ ਦੇਸ਼-ਭਗਤਾਂ ਦੀਆਂ ਜੀਵਨੀਆਂ ਛਾਪ ਕੇ ਪੜ੍ਹਾਈਆਂ ਜਾਂਦੀਆਂ ਹਨ, ਉਥੇ ਸਕੂਲ ਬੋਰਡ ਨੂੰ ਪ੍ਰੇਰ ਕੇ ਭਾਈ ਸਾਹਿਬ ਦੀ ਜੀਵਨੀ ਵੀ ਉਨ੍ਹਾਂ ਕੋਰਸਾਂ ਵਿਚ ਸ਼ਾਮਲ ਕਰਵਾਈ ਜਾਵੇ, ਤਾਂਕਿ ਆਉਣ ਵਾਲੀ ਪਨੀਰੀ ਇਸ ਮਹਾਂ ਪੁਰਸ਼ ਤੇ ਦੇਸ਼-ਭਗਤ ਵਿਅਕਤੀ ਦੇ ਜੀਵਨ ਤੋਂ ਜਾਣੂ ਹੋ ਕੇ ਉਨ੍ਹਾਂ ਦੇ ਗੁਣਾਂ ਨੂੰ ਗ੍ਰਹਿਣ ਕਰ ਸਕੇ।

(੩) ਪੰਜਾਬੀ ਬੋਲੀ ਦੇ ਸਾਹਿੱਤ-ਇਤਿਹਾਸ ਵਿਚ ਵਾਰਤਕ-ਲਿਖਾਰੀ ਦੇ ਤੌਰ ਤੇ, ਕਾਵਿ-ਲੇਖਕ ਦੀ ਹੈਸੀਅਤ ਵਿਚ ਭਾਈ ਸਾਹਿਬ ਦੀ ਲਿਖਤ ਨੂੰ



www.AKJ.Org

ਯੋਗ ਥਾਂ ਦੇਣ-ਦਿਵਾਣ ਦੀ ਲੋੜ ਹੈ, ਕਿਉਂਕਿ ਜਿਥੇ ਪੰਜਾਬੀ ਵਾਰਤਕ ਵਿਚ ਭਾਈ ਸਾਹਿਬ ਨੇ ਨਵੀਨ ਸ਼ੈਲੀ ਬਿਲਕੁਲ ਆਪਣੀ ਕਿਸਮ ਦੀ ਦਿਤੀ ਹੈ, ਉਥੇ ਪੰਜਾਬੀ ਬੋਲੀ ਨੂੰ ਨਵੇਂ ਤੋਂ ਨਵੇਂ ਸ਼ਬਦ ਦੇ ਕੇ ਮਾਲਾ ਮਾਲ ਕੀਤਾ ਹੈ। ਭਾਈ ਸਾਹਿਬ ਦੀ ਵਾਰਤਕ ਐਸੀ ਦਿਲ-ਖਿਚਵੀਂ ਹੈ ਕਿ ਜਿਸ ਗੱਲ ਨੂੰ ਬਿਆਨ ਕਰ ਰਹੇ ਹੁੰਦੇ ਹਨ, ਉਸ ਦੇ ਚਿਤਰ ਬਣ ਕੇ ਸਾਹਮਣੇ ਆਈ ਜਾਂਦੇ ਹਨ। ਵਾਰਤਕ ਵਾਂਗ ਹੀ ਕਵਿਤਾ ਵਿਚ ਵੀ ਆਪ ਨੂੰ ਕਮਾਲ ਹਾਸਲ ਹੈ ਅਤੇ ਉਨ੍ਹਾਂ ਦੀਆਂ ਲਿਖੀਆਂ ਪੁਸਤਕਾਂ "ਦਰਸ਼ਨ ਝਲਕਾਂ" ਤੇ "ਜੋਤਿ ਵਿਗਾਸ" ਪੰਜਾਬੀ ਕਾਵਿ ਦੇ ਅਨੂਪਮ ਮੋਤੀ ਹਨ, ਜਿਨ੍ਹਾਂ ਨੂੰ ਜਿਉਂ ਜਿਉਂ ਪੜ੍ਹਦੇ ਜਾਈਏ, ਤਿਉਂ ਤਿਉਂ ਰਸ-ਭਰਪੂਰ ਹੁੰਦੇ ਜਾਈਦਾ ਹੈ। ਐਸੇ ਉੱਤਮ ਅਤੇ ਮਹਾਨ ਲੇਖਕ ਨੂੰ ਸਾਹਿੱਤ ਦੇ ਇਤਿਹਾਸ ਵਿਚ ਖ਼ਾਸ ਥਾਂ ਦੇਣ ਦਾ ਯੋਗ ਉਪਰਾਲਾ ਹੋਣਾ ਅਤਿ ਜ਼ਰੂਰੀ ਹੈ।

(੪) ਜਿਵੇਂ ਕਿ ਵਖ ਵਖ ਯੂਨੀਵਰਸਿਟੀਆਂ ਵਿਚ ਭਾਈ ਵੀਰ ਸਿੰਘ ਜੀ ਅਤੇ ਹੋਰ ਚੇਅਰਜ਼ ਨੀਯਤ ਕੀਤੀਆਂ ਜਾਂਦੀਆਂ ਹਨ, ਉਸੇ ਤਰ੍ਹਾਂ ਯੂਨੀ-ਵਰਸਿਟੀਆਂ ਵਿਚ ਭਾਈ ਰਣਧੀਰ ਸਿੰਘ ਚੇਅਰ ਵੀ ਨੀਯਤ ਕੀਤੀ ਜਾਣੀ ਚਾਹੀਦੀ ਹੈ, ਤਾਕਿ ਉਨ੍ਹਾਂ ਦੇ ਲਿਖੇ ਸਾਹਿੱਤ ਉਤੇ ਵਧ ਤੋਂ ਵਧ ਖੋਜ-ਵਿਚਾਰ ਹੋਵੇ ਅਤੇ ਵਿਦਿਆਰਥੀ ਉਨ੍ਹਾਂ ਦੇ ਲਿਖੇ ਸਾਹਿੱਤ ਦੇ ਵਖ ਵਖ ਪਹਿਲੂਆਂ ਤੇ ਖੋਜ-ਲੇਖ (ਥੀਸਿਸ) ਲਿਖ ਕੇ ਪੀ. ਐਚ. ਡੀ. ਦੀਆਂ ਡਿਗਰੀਆਂ ਪ੍ਰਾਪਤ ਕਰਨ।

(੫) ਗੌਰਮਿੰਟ ਆਫ਼ ਇੰਡੀਆ ਦੇ ਆਰਕਾਈਵਜ਼ ਡੀਪਾਰਟਮੈਂਟ ਵਿਚ ਸਭ ਪੁਰਾਣੇ ਰੀਕਾਰਡ ਮੌਜੂਦ ਹਨ। ਉਥੋਂ ਲਾਹੌਰ ਸਾਜ਼ਸ਼ ਕੇਸ ਨੰਬਰ ਦੋ ਦੇ ਰੀਕਾਰਡਾਂ ਵਿਚੋਂ ਭਾਈ ਸਾਹਿਬ ਜੀ ਦੇ ਕੇਸ ਨੂੰ ਖੋਜਿਆ ਭਾਲਿਆ ਜਾਵੇ ਅਤੇ ਇਸੇ ਤਰ੍ਹਾਂ ਹਜ਼ਾਰੀ ਬਾਗ, ਨਾਗਪੁਰ ਤੇ ਰਾਜ ਮੰਦਰੀ ਆਦਿ ਜੇਲ੍ਹਾਂ ਵਿਚੋਂ ਭਾਈ ਸਾਹਿਬ ਜੀ ਦੇ ਹਿਸਟਰੀ ਟਿਕਟ ਦੇ ਸਾਰੇ ਪੁਰਾਣੇ ਰੀਕਾਰਡ ਲਭੇ ਜਾਣ ਦੀ ਲੋੜ ਹੈ, ਜਿਨ੍ਹਾਂ ਵਿਚੋਂ ਭਾਈ ਸਾਹਿਬ ਜੀ ਦੀ ਜੇਲ੍ਹ ਯਾਤਰਾ ਦੇ ਲੁਪਤ ਛੁਪਤ ਸਮਾਚਾਰ ਬਾਹਰ ਆ ਸਕਦੇ ਹਨ।

ਖੇਤੀ ਬਾੜੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸ: ਅਮਰੀਕ ਸਿੰਘ ਜੀ ਚੀਮਾ ਨੇ ਆਪਣੇ ਭਾਸ਼ਨ ਵਿਚ ਸੰਗਤਾਂ ਨੂੰ ਵਿਸ਼ਵਾਸ ਦਿਵਾਇਆ ਕਿ ਮੈਂ ਇਸ ਯੂਨੀਵਰਸਿਟੀ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਚੇਅਰ ਕਾਇਮ ਕਰਨ ਲਈ ਸਿਰਤੋੜ ਜਤਨ ਕਰਾਂਗਾ। ਸੰਗਤਾਂ ਵਿਚ ਇਸ ਕਥਨ ਨਾਲ ਖੁਸ਼ੀ ਦੀ ਲਹਿਰ ਦੌੜ ਗਈ।

ਇਸ ਤਰ੍ਹਾਂ ਦੇ ਸੁਝਾਵਾਂ ਅਤੇ ਵਖਿਆਨਾਂ ਤੋਂ ਬਾਅਦ ਗਿਆਨੀ ਗੁਰਦਿਤ ਸਿੰਘ ਜੀ ਜਨਰਲ ਸਕੱਤਰ ਅਤੇ ਸ: ਹੁਕਮ ਸਿੰਘ ਜੀ ਪ੍ਰਧਾਨ ਨੇ ਆਪੋ ਆਪਣੇ ਭਾਸ਼ਨ ਦਿਤੇ ਅਤੇ ਕਨਵੈਨਸ਼ਨ ਦੀ ਸਮਾਪਤੀ ਹੋਈ।

ਸਾਨੂੰ ਖ਼ੁਸ਼ੀ ਹੈ ਕਿ ਇੰਨੇ ਸੋਹਣੇ ਵਾਤਾਵਰਨ ਵਿਚ ਨਵੇਂ ਨਵੇਂ ਸੁਝਾ ਦੇ ਕੇ ਭਾਈ ਸਾਹਿਬ ਜੀ ਦੀ ਸ਼ਖ਼ਸੀਅਤ ਤੋਂ ਅਤੇ ਉਨ੍ਹਾਂ ਦੀ ਲੇਖਣੀ ਤੋਂ ਸੇਧਾਂ ਤੇ ਅਗਵਾਈ ਪ੍ਰਾਪਤ ਕਰਨ ਲਈ ਪੇਰਿਆ ਗਿਆ ਹੈ। ਲੋੜ ਹੈ ਕਿ ਜਿੰਨਾ ਕੁਝ ਕਿਹਾ ਗਿਆ ਹੈ, ਇਸ ਤੋਂ ਕੁਝ ਵਧ ਕਰ ਕੇ ਵਿਖਾਇਆ ਜਾਏ। ਤਾਹੀਓਂ ਇਸ ਕਨਵੈਨਸ਼ਨ ਕਰਨ ਦਾ ਕੋਈ ਲਾਭ ਹੋ ਸਕਦਾ ਹੈ।

---

**ਪਾਠਕ ਸਜਣੋ**—ਹਰ ਮਹੀਨੇ ਪਰਚੇ ਦੇ ਪਿਛੇ ਚੰਦਾ ਖ਼ਤਮ ਹੋਣ ਦੀ ਮੋਹਰ ਲਾਈ ਜਾਂਦੀ ਹੈ। ਮੋਹਰ ਵਾਲਾ ਪਰਚਾ ਪੁਜਣ ਸਾਰ ਓਦੋਂ ਹੀ ਚੰਦਾ ਭੇਜਣ ਦੀ ਕਿਰਪਾਲਤਾ ਕੀਤੀ ਜਾਵੇ। ਬਾਅਦ ਵਿਚ ਪਰਚਾ ਬੰਦ ਹੋ ਕੇ ਦੁਬਾਰਾ ਚਾਲੂ ਕਰਨ ਨਾਲ ਵਾਧੂ ਡਾਕ ਖ਼ਰਚ ਅਤੇ ਪ੍ਰੇਸ਼ਾਨੀ ਹੁੰਦੀ ਹੈ।

*ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਸਮੇਂ ਚਿਟ ਨੰਬਰ ਜ਼ਰੂਰ ਦੇਵੋ ਜੀ।*
*ਤੁਹਾਡਾ ਚਿਟ ਨੰਬਰ ਹਰ ਪਰਚੇ ਤੇ ਐਡਰੈਸ ਦੇ ਪਹਿਲਾਂ ਲਿਖਿਆ ਹੁੰਦਾ ਹੈ।*



www.AKJ.Org

# ਹਿੰਸਾ

ਆਪਣੇ ਸੁਖ ਅਰ ਵਿਭੂਤੀ ਦੀ ਬ੍ਰਿਧੀ ਵਾਸਤੇ ਜੀਵਾਂ ਦੀ ਕੁਰਬਾਨੀ ਯਗਯ ਆਦਿਕਾਂ ਵਿਚ ਕਰਨੀ ਅਤੇ ਜ਼ੁਲਮ ਕਰ ਕੇ ਪ੍ਰਾਣੀਆਂ ਨੂੰ ਸਤਾਉਣ ਦਾ ਨਾਉਂ ਹਿੰਸਾ ਹੈ ।

ਹਿੰਸਾ ਦੇ ਕਰਣ ਵਾਲਾ ਪੁਰਸ਼ ਪਾਪ ਕਰਨ ਤੋਂ ਬਿਲਕੁਲ ਨਹੀਂ ਸੰਗਦਾ, ਬਲਕਿ ਦੇਵੀ ਦੇਵ-ਤਿਆਂ ਦੇ ਅਗੇ ਕੁਰਬਾਨੀ ਪੂਜਾ ਕਰਨ ਲਈ, ਜੋ ਕਿ ਨਿਰਜੀਵ ਪੱਥਰ ਆਦਿਕਾਂ ਦੀਆਂ ਮੂਰਤਾਂ ਬਣੀਆਂ ਹੋਈਆਂ ਹਨ, ਜੀਵਾਂ (ਬੱਕਰੇ ਆਦਿਕਾਂ) ਨੂੰ ਮਾਰਦੇ ਹਨ । ਜੈਸੇ ਗੁਰਬਾਣੀ ਦਸਦੀ ਹੈ—

ਸਰਜੀਉ ਕਾਟਹਿ ਨਿਰਜੀਉ ਪੂਜਹਿ ਅੰਤਕਾਲ ਕਉ ਭਾਰੀ ॥ [ਗਉੜੀ ਬੈ: ਕਬੀਰ ਜੀ, ਪੰ: ੩੩੨

ਸੋ ਹਿੰਸਾ ਕਰਨ ਵਾਲਾ ਹਿੰਸਕ ਪੁਰਸ਼ ਕਦੀ ਵੀ ਕਿਸੇ ਤੇ ਦਇਆ ਨਹੀਂ ਕਰਦਾ, ਸੋ ਦਇਆ ਤੋਂ ਬਿਨਾਂ ਸਿਧ ਪੁਰਸ਼ ਵੀ ਕਸਾਈ ਰੂਪ ਹੈ, ਤੇ ਲੇਖਾ ਜ਼ਰੂਰ ਦੇਣਾ ਪਵੇਗਾ । ਜੈਸੇ ਗੁਰਵਾਕ ਹੈ—

ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ ॥ ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ ॥੧੯੯॥

[ਸਲੋਕ ਕਬੀਰ ਜੀ, ੧੩੭੫

ਕਿਉਂਕਿ ਦਇਆ ਹੀ ਧਰਮ ਦਾ ਮੂਲ ਹੈ, ਤੇ ਹਿੰਸਕ ਪੁਰਸ਼ ਰਾਤ ਦਿਨ ਜੀਵਾਂ ਦੇ ਮਾਰਨ ਵਾਸਤੇ ਤੱਤਪਰ ਰਹਿੰਦਾ ਹੈ ਤੇ ਮਾਇਆ ਦੇ ਵਧਾਉਣ ਵਾਸਤੇ ਕਈਆਂ ਆਦਮੀਆਂ ਦਾ ਗਲ ਘੁਟਦਾ ਹੈ, ਸੋ ਹਿੰਸਾ ਬੁਰੀ ਬਲਾ ਹੈ । ਇਸੀ ਵਾਸਤੇ ਗੁਰੂ ਜੀ ਇਸ ਤੋਂ ਬਚਣ ਦਾ ਉਪਦੇਸ਼ ਦੇਂਦੇ ਹਨ ਤੇ ਦਸਦੇ ਹਨ :—

ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟ ਭਰੈ ਅਪ੍ਰਾਧੀ ॥ ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ ॥੨॥ ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥ ਪਰਮਾਨੰਦ ਸਾਧ ਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ ॥੩॥੧॥੬॥

[ਸਾਰੰਗ ਪਰਮਾਨੰਦ ਜੀ, ੧੨੫੩

[ਕਥਾ ਉਪਦੇਸ਼ ਸਾਗਰ (ਗਿ: ਭਗਤ ਸਿੰਘ ਜੀ) ਵਿਚੋਂ ਧੰਨਵਾਦ ਸਹਿਤ

# ਸਰਬੱਤ ਦਾ ਭਲਾ

[ਵਲੋਂ :—ਗਿਆਨੀ ਗੁਪਾਲ ਸਿੰਘ ਜੀ ਮਿੱਤਰ]

ਅਸੀਂ ਜਿਸ ਨੂੰ ਕਹਿੰਦੇ ਹਾਂ ਬਾਹਰ ਦੀ ਦੁਨੀਆ,
ਉਹ ਪ੍ਰਤਿਬਿੰਬ ਹੈ ਮੰਨ ਲਉ ਦਿਲ ਦਾ ਅਪਣਾ ।
ਜੇ ਦਿਲ ਆਪਣੇ ਵਿਚ ਹੈ ਪੂਰੀ ਸਫ਼ਾਈ,
ਤਾਂ ਬਾਹਰ ਦੀ ਦੁਨੀਆ 'ਚ ਨਹੀਂ ਹੈ ਬੁਰਾਈ ।
ਬਦੀ ਸਾਨੂੰ ਬਾਹਰ ਨਜ਼ਰ ਆਂਵਦੀ ਏ,
ਵਿਚਾਰਾਂ ਦੇ ਘੋੜੇ ਨੂੰ ਦੋੜਾਂਵਦੀ ਏ ।
ਇਹ ਮਨ ਆਪਣੇ ਦੀ ਹੀ ਸਾਰੀ ਦਸ਼ਾ ਏ,
ਨਹੀਂ ਸਾਫ ਮਨ ਤਾਹੀਉਂ ਦਿਸਦਾ ਬੁਰਾ ਏ ।
ਜਿਵੇਂ ਚੋਰ ਨੂੰ ਦਿਸਦੇ ਨੇ ਚੋਰ ਸਾਰੇ,
ਅਕਸ ਮਨ ਦਾ ਮੈਲਾ ਵਿਖਾਵੇ ਨਜ਼ਾਰੇ ।
ਇਹ ਦੁਖ ਸੁਖ ਨੇ ਨਿਜ ਮਨ ਦੀਆਂ ਭਾਵਨਾਵਾਂ,
ਜਿਹੀ ਭਾਵਨਾ ਓਹੋ ਜਿਹੀਆਂ ਇੱਛਾਵਾਂ ।
ਭਲੇ ਆਦਮੀ ਲਈ ਭਲੀ ਸਾਰੀ ਦੁਨੀਆ,
ਹੈ ਪਿਆਰਾਂ ਦੇ ਇੱਛਕ ਲਈ ਪਿਆਰੀ ਦੁਨੀਆ ।
ਜੇ ਆਤਮ ਅਨੰਦ ਚਾਹੁੰਦੇ ਹੋ ਸਦੀਵੀ,
ਤਾਂ ਚਿਤਵੋ ਕਿਸੇ ਦਾ ਬੁਰਾ ਨਾ ਕਦੀ ਵੀ ।
'ਮਿੱਤਰ' ਰੋਜ਼ ਸਭ ਦਾ ਭਲਾ ਰੱਬ ਤੋਂ ਮੰਗੋ,
ਸਦਾ 'ਖ਼ੈਰ ਨੇਕੀ ਦੀ ਪਾ !' ਰੱਬ ਤੋਂ ਮੰਗੋ ।

—:o:—

# ਗੁਰਸਿਖੀ ਹੈ ਧਾਰ ਖੰਡੇ ਦੀ

[ਵਲੋਂ:—ਸ: ਦੇਵਾ ਸਿੰਘ ਜੀ ਕਿਰਤੀ, ਅੰਮ੍ਰਿਤਸਰ]

ਗੁਰਸਿਖੀ ਹੈ ਧਾਰ ਖੰਡੇ ਦੀ,
ਚਲਣ ਕਰਮਾਂ ਵਾਲੇ, ਸੁਰਤ ਸੰਭਾਲੇ ।
ਅੰਮ੍ਰਿਤ ਖੰਡੇ-ਧਾਰ ਪੀਣ ਤੇ,
ਹੋ ਜਾਵਣ ਮਤਵਾਲੇ, ਰਹਿਣ ਸੁਖਾਲੇ ।
ਉਹ ਨਾ ਠੇਡੇ ਮੁੜ ਕੇ ਖਾਵਣ
ਸੰਗੀ ਸਾਥ ਬਚਾ ਲੇ, ਆਪਣੇ ਨਾਲੇ ।
'ਕਿਰਤੀ' ਪਾਪੀ ਵੀ ਤਰ ਜਾਵਣ
ਫਿਰ ਓਹਨਾਂ ਦੇ ਨਾਲੇ, ਗੁਰ ਰਖਵਾਲੇ ।

—o—

www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਇਸ ਮਹੀਨੇ ਪਹਿਲੇ ਛੇ ਮੈਂਬਰਾਂ ਦੇ ਸੌ ਸੌ ਰੁਪਏ ਅਤੇ ਆਖ਼ਰੀ ਦੇ 550/- ਰੁਪਏ ਪੁਜੇ ਹਨ। ਇਹ ਆਖ਼ਰੀ ਸਜਣ ਪਹਿਲਾਂ ਦੇਸ ਵਿਚ ਸੂਰਾ ਦੇ ਅਮਾਨਤੀ ਲਾਈਫ਼ ਮੈਂਬਰ ਸਨ, ਪਰ ਹੁਣ ਯੂ. ਕੇ. ਜਾਣ ਕਰਕੇ ਬਾਕੀ ਮਾਇਆ ਭੇਜਕੇ ਸੂਰਾ ਦੇ ਪ੍ਰਦੇਸੀ ਲਾਈਫ਼ ਮੈਂਬਰ ਬਣ ਗਏ ਹਨ। ਸਭ ਦੀਆਂ F.Ds. ਬਣ ਗਈਆਂ ਹਨ।

| | | | | |
|---|---|---|---|---|
| 272. | W.O. ਕੇ. ਐਸ. ਗਰੇਵਾਲ | (ਚਿਟ ਨੰਬਰ 3272) | 733661/943/77 | ਮਿਤੀ 26-7-77 |
| 273. | ਸੰਤ ਪ੍ਰੀਤਮ ਸਿੰਘ ਜੀ | ( ,, ,, 3273) | 733662/944/77 | ,, |
| 274. | ਸ: ਅਜਮੇਰ ਸਿੰਘ ਜੀ ਰੱਈਆ ਮੰਡੀ | ( ,, ,, 3274) | 733663/945/77 | ,, |
| 275. | ਸ: ਜਸਬੀਰ ਸਿੰਘ ਜੀ ਖੰਨਾ | ( ,, ,, 3275) | 733665/947/77 | ,, |
| 276. | ਸ. ਦਲਬੀਰ ਸਿੰਘ ਜੀ ਬੰਬਈ | ( ,, ,, 3276) | 733664/946/77 | ,, |
| 277. | ਸ: ਇੰਦਰ ਸਿੰਘ ਜੀ ਜੰਤਾ ਸਟੋਰਜ਼ | ( ,, ,, 3277) | 733666/948/77 | ,, |
| 278. | ਭਾ: ਜਰਨੈਲ ਸਿੰਘ ਜੀ ਸੰਘਾ ਯੂ. ਕੇ. | ( ,, ,, 2079) | 733667/949/77 | ,, |

## ਗੁਰਮਤਿ ਸੰਬਧਤ ਪੁਸਤਕਾਂ ਤੇ ਟ੍ਰੈਕਟ

| | | |
|---|---|---|
| ਸਿਖ ਧਰਮ ਤੇ ਮਾਸ ਸ਼ਰਾਬ | ਜੇ. ਪੀ. ਸੰਗਤ ਸਿੰਘ ਜੀ | 3-00 |
| Dawn of Divine Wisdom | Sqd. Ldr. Ram Singh | 0-75 |
| ਜੀਵਨ ਝਲਕਾਂ ਭਾ: ਸਾ: ਰਣਧੀਰ ਸਿੰਘ ਜੀ | ਗਿ: ਗੁਰਦਿਤ ਸਿੰਘ ਜੀ | 0-50 |
| ਗੁਰਸਿਖ ਰਹਿਣੀ | ਪ੍ਰੋ: ਅਮਰਜੀਤ ਕੌਰ ਐਮ. ਏ. | 0-50 |

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | |
|---|---|
| ਸ: ਸੁੱਚਾ ਸਿੰਘ ਜੀ ਬਿਸਲਾ ਹਾਲੈਂਡ ਵਲੋਂ | 119-77 |
| ਬੀਬੀ ਕੁਲਵੰਤ ਕੌਰ ਜੀ ਨਿਰਵਾਨਾ ਵਲੋਂ | 11-00 |
| ਬੀਬੀ ਮਹਿੰਦਰ ਕੌਰ ਜੀ ਲੁਧਿਆਣਾ ਵਲੋਂ | 10-00 |
| ਸ: ਜਸਬੀਰ ਸਿੰਘ ਜੀ ਸਹਿਗਲ ਇਮਪੋਰੀਅਮ ਖੰਨਾ ਵਲੋਂ | 10-00 |
| ਸ: ਅਜੀਤ ਸਿਘ ਜੀ ਕੈਰੋਂ ਵਲੋਂ | 5-00 |
| ਡਾ: ਮੋਹਨ ਸਿੰਘ ਜੀ ਵਡਾਲੀ ਗੁਰੂ ਵਲੋਂ | 2-00 |

ਵਾਹਿਗੁਰੂ ਸਭ ਪਰਵਾਰਾਂ ਨੂੰ ਸਿਖੀ ਸਿਦਕ ਤੇ ਸੁੱਚਾ ਜੀਵਨ ਬਖ਼ਸ਼ਣ।

## ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ

ਦਾਸ ਦੇ ਗ੍ਰਿਹਿ ਵਿਖੇ ਆਪਣੇ ਬਾਪੂ ਜੀ ਦੀ ਪਹਿਲੀ ਬਰਸੀ ਨਮਿਤ ੧੯ ਅਗਸਤ ਸ਼ੁਕਰਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਅਰੰਭ ਹੋਵੇਗਾ ਅਤੇ ੨੧ ਅਗਸਤ ਐਤਵਾਰ ਸਵੇਰੇ ੫-੩੦ ਭੋਗ ਪਵੇਗਾ। ਉਪਰੰਤ ਆਸਾ ਦੀ ਵਾਰ ਦੇ ਕੀਰਤਨ ੯-੦੦ ਵਜੇ ਤਕ ਹੋਣਗੇ। ਸ਼ਨੀਵਾਰ ੨੦ ਅਗਸਤ ਨੂੰ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਵਿਖੇ ੮ ਤੋਂ ੧੦ ਸ਼ਾਮ ਨੂੰ ਕੀਰਤਨ ਹੋਵੇਗਾ। ਗੁਰੂ ਪਿਆਰੇ ਅਖੰਡ ਕੀਰਤਨੀ ਗੁਰਸਿਖ ਵੀਰ ਭੈਣਾਂ ਅਤੇ ਸਮੂੰਹ ਸਿਖ ਸੰਗਤਾਂ ਦਰਸ਼ਨ ਦੇ ਕੇ ਨਿਵਾਜੋ ਜੀ।

ਦਾਸਰਾ--ਹਰਿਭਜਨ ਸਿੰਘ, ਖ਼ਾਲਸਾ ਨਿਵਾਸ,12/100 ਵਾਰਡ ਨੰ: 9,ਨੇੜੇ ਬਸ ਸਟੈਂਡ,ਕੁਰਾਲੀ [ਪੰਜਾਬ]

www.AKJ.Org

# ਸਾਲਾਨਾ ਕੀਰਤਨ ਸਮਾਗਮ ਤੇ ਅੰਮ੍ਰਿਤ ਸਿੰਚਾਰ ਸਮਾਗਮ ਅੰਬਾਲਾ ਛਾਉਣੀ

ਅੰਬਾਲਾ ਛਾਉਣੀ ਵਿਖੇ ਪਿਛਲੇ ਸਾਲਾਂ ਵਾਂਗ ਸਾਲਾਨਾ ਸਮਾਗਮ ਹੋ ਰਹੇ ਹਨ ਜਿਨ੍ਹਾਂ ਵਿਚ ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜੱਥੇ ਦੂਰੋਂ ਨੇੜਿਉਂ ਪੁਜ ਰਹੇ ਹਨ। ਸਮੂੰਹ ਸੰਗਤਾਂ ਕੀਰਤਨ-ਰਸ ਮਾਣਨ ਲਈ ਹੁਮ ਹੁਮਾ ਕੇ ਪੁਜਣ। ਪ੍ਰੋਗਰਾਮ ਇਉਂ ਹੈ—

13 ਅਗਸਤ ਸ਼ਨੀਵਾਰ ਸਵੇਰੇ 5-00 ਤੋਂ 1-00 ਦੁਪਹਿਰ ਤਕ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਅਖੰਡ ਕੀਰਤਨ ਫ਼ਰੂਕਾ ਖਾ: ਹਾ: ਸਕੂਲ
ਸ਼ਾਮ 7-30 ਤੋਂ 10-00 ਸੋਦਰ ਦੀ ਚੌਕੀ ਤੇ ਕੀਰਤਨ ਪੰਜਾਬੀ ਗੁਰਦੁਆਰਾ ਅੰਬਾਲਾ ਛਾ:
14 ਅਗਸਤ ਐਤਵਾਰ ਸਵੇਰੇ 5-00 ਤੋਂ 1-00 ਦੁਪਹਿਰ ਅਖੰਡ ਕੀਰਤਨ ਗੁ: ਮੰਜੀ ਸਾਹਿਬ ਪਾ: ਪਾ: ੬, ਅੰਬਾਲਾ ਸ਼ਹਿਰ
ਸ਼ਾਮ 5-00 ਅੰਮ੍ਰਿਤ-ਸਿੰਚਾਰ ਸਮਾਗਮ ਫ਼ਰੂਕਾ ਖਾ: ਹਾ: ਸਕੂਲ, ਅੰਬਾਲਾ ਛਾਉਣੀ
ਰਾਤ 8-00 ਰੈਣ ਸਬਾਈ ਕੀਰਰਨ ਅਰੰਭ ਫ਼ਰੂਕਾ ਖਾ: ਹਾ: ਸਕੂਲ ਅੰਬਾਲਾ ਛਾਉਣੀ

ਸੰਗਤਾਂ ਦੀ ਰਿਹਾਇਸ਼ ਆਦਿ ਦਾ ਪ੍ਰਬੰਧ ਅੰਬਾਲਾ ਛਾਉਣੀ ਰੇਲਵੇ ਸਟੇਸ਼ਨ ਤੇ ਬਸ ਸਟੈਂਡ ਦੇ ਨੇੜੇ ਫ਼ਰੂਕਾ ਖ਼ਾਲਸਾ ਹਾਈ ਸਕੂਲ ਵਿਖੇ ਹੋਵੇਗਾ।

ਦਰਸ਼ਨ ਅਭਿਲਾਖੀ
ਪੁਛ ਗਿਛ - 2416, ਡੀ. ਸੀ. ਰੋਡ, ਅੰਬਾਲਾ ਛਾਉਣੀ — ਨਿਰਬਾਣ ਕੀਰਤਨੀ ਜੱਥਾ, ਅੰਬਾਲਾ ਛਾ:

# ਜੈਪੁਰ ਰਾਜਸਥਾਨ ਵਿਖੇ ਅਦੁਤੀ ਅਖੰਡ ਕੀਰਤਨ ਸਮਾਗਮ

ਰਾਜਸਥਾਨ ਦੀਆਂ ਸੰਗਤਾਂ ਵਲੋਂ ਜੈਪੁਰ ਵਿਖੇ ੧੩ ਅਗਸਤ ਸ਼ਨੀਵਾਰ ਸਵੇਰ ਤੋਂ ੧੫ ਅਗਸਤ ਸੋਮਵਾਰ ਸਵੇਰ ਤਕ ਅਖੰਡ ਕੀਰਤਨ ਤੇ ਅੰਮ੍ਰਿਤ - ਸਿੰਚਾਰ ਸਮਾਗਮ ਹੋ ਰਹੇ ਹਨ। ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਕੀਰਤਨੀ ਜੱਥੇ ਦੂਰੋਂ ਨੇੜਿਓਂ ਦਰਸ਼ਨ ਦੇ ਰਹੇ ਹਨ। ਸਮੂਹ ਸੰਗਤਾਂ ਪਾਸ ਜੋਦੜੀਆਂ ਹਨ ਕਿ ਹੁਮ ਹੁਮਾ ਕੇ ਦਰਸ਼ਨ ਬਖਸ਼ ਜੀ ਅਤੇ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੈ —

੧੩ ਅਗਸਤ ਸਵੇਰੇ ੫-੦੦ ਤੋਂ ੧੨-੩੦ ਅਖੰਡ ਕੀਰਤਨ ਗੁ: ਸ੍ਰੀ ਸਿੰਘ ਸਭਾ, ਰਾਜਾ ਪਾਰਕ
ਸਾਮ ੭-੦੦ ਤੋਂ ੯-੩੦ ਸੋਦਰ ਦੀ ਚੌਕੀ " " "
੧੪ ਅਗਸਤ ਸਵੇਰੇ ੫-੦੦ ਤੋਂ ੧੨-੦੦ ਅਖੰਡ ਕੀਰਤਨ ਗੁਰਦਵਾਰਾ "ਹੀਦਾ ਦੀ ਮੋਰੀ"
ਦੁਪਹਿਰ ੩-੦੦ ਅੰਮ੍ਰਿਤ-ਸਿੰਚਾਰ ਗੁ: ਸ੍ਰੀ ਗੁਰੂ ਸਿੰਘ ਸਭਾ ਰਾਜਾ ਪਾਰਕ
ਸ਼ਾਮ ੭-੦੦ ਅਰੰਭ ਕੀਰਤਨ ਰੈਣ ਸਬਾਈ ਗੁ: ਸ੍ਰੀ ਗੁਰੂ ਸਿੰਘ ਸਭਾ ਰਾਜਾ ਪਾਰਕ

ਸੰਗਤਾਂ ਦੀ ਰਿਹਾਇਸ਼ ਆਦਿ ਦਾ ਪਰਬੰਧ ਗੁ: ਰਾਜਾ ਪਾਰਕ ਵਿਖੇ ਹੋਵੇਗਾ, ਬਿਸਤਰੇ ਲੋੜ ਅਨੁਸਾਰ ਨਾਲ ਲਿਆਓ ਜੀ।

ਦਰਸ਼ਨ ਅਭਿਲਾਖੀ
ਪੁਛ ਗਿਛ—ਜਗਦੀਸ਼ ਸਿੰਘ, 361/1, ਰਾਜਾ ਪਾਰਕ, ਅੰਮ੍ਰਿਤਸਰ — ਅਖੰਡ ਕੀਰਤਨੀ ਜੱਥਾ, ਜੈਪੁਰ

# ਜਨਮ-ਸ਼ਤਾਬਦੀ ਦੇ ਸਬੰਧ ਵਿਚ ਬਠਿੰਡੇ ਵਿਖੇ ਰੈਣ ਸਬਾਈ ਕੀਰਤਨ

ਪੰਥ ਰਤਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਜਨਮ ਸ਼ਤਾਬਦੀ ਦੇ ਸਬੰਧ ਵਿਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬਠਿੰਡਾ ਵਿਖੇ ੨੦ ਅਗਸਤ ੧੯੭੭ ਸ਼ਨੀਵਾਰ ਦੀ ਰਾਤ ਨੂੰ ਰੈਣ-ਸਬਾਈ ਕੀਰਤਨ ਹੋ ਰਹੇ ਹਨ, ਜਿਸ ਵਿਚ ਪਟਿਆਲਾ, ਫ਼ੀਰੋਜ਼ਪੁਰ, ਰਾਮਾ ਮੰਡੀ, ਮੂਲਾਪੁਰ, ਚੰਡੀਗੜ੍ਹ ਆਦਿ ਤੋਂ ਅਖੰਡ ਕੀਰਤਨੀ ਜਥੇ ਪੁਜ ਕੇ ਹਾਜ਼ਰੀਆਂ ਭਰਨਗੇ। ਸਮੂਹ ਸੰਗਤਾਂ ਅਤ ਗੁਰੂ ਕੇ ਕੀਰਤਨੀਏ ਵੀਰ ਭੈਣਾਂ ਦਰਸ਼ਨਦੇ ਕੇ ਦਾਸਾਂ ਨੂੰ ਕਿਰਤਾਰਥ ਕਰੋ ਜੀ।

ਪੁਛ ਗਿਛ ਲਈ-੧. ਪ੍ਰੇਮ ਰੋਲਿੰਗ ਸ਼ਟਰ. ਪੁਰਾਣਾ ਥਾਣਾ, ਬਠਿੰਡਾ
੨. ਅਜੀਤ ਸਿੰਘ ਐਂਡ ਸਨਜ਼, ਪੁਰਾਣਾ ਸੱਟਾ ਬਾਜ਼ਾਰ, ਬਠਿੰਡਾ

ਮੈਨੇਜਰ: 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

www.AKJ.Org